# ਸਵਰਗ ਰਾਜ ਦੀ ਕੁੰਜੀਆਂ ਰੂਪ-ਰੇਖਾ


| | | |
|---|---|---|
| I. | ਜਾਣ-ਪਛਾਣ | ਸਫ਼ਾ 2 |
| II. | ਕੁੰਜੀ #1: ਪਾਪ ਨੂੰ "ਨਾਂਹ" ਆਖਣਾ | 2-11 |
| III. | ਕੁੰਜੀ #2: ਯਿਸੂ ਨੂੰ "ਹਾਂ" ਆਖਣਾ | 12-33 |
| IV. | ਕੁੰਜੀ #3: ਨਵੀਂ ਇਨਸਾਨੀਅਤ ਨੂੰ ਪਹਿਨਣਾ | 33-43 |
| V. | ਕੁੰਜੀ #4: ਪ੍ਰੇਮ | 43-52 |
| VI. | ਕੁੰਜੀ #5: ਪ੍ਰਚਾਰ ਕਰਨਾ | 52-57 |
| VII. | ਕੁੰਜੀ #6: ਪਰਮੇਸ਼ੁਰ ਦਾ ਬਚਨ | 57-61 |
| VIII. | ਕੁੰਜੀ #7: ਦੇਣਾ | 61-65 |

# ਸਵਰਗ ਰਾਜ ਦੀਆਂ ਕੁੰਜੀਆਂ

ਫ੍ਰੈਂਕਲਿਨ ਦੇ ਦੁਆਰਾ ਪਰਮੇਸ਼ੁਰ ਦੇ ਰਾਜ ਦਾ
ਇੱਕ ਅਧਿਐਨ

**ਮੱਤੀ** 6:33 ਪਰ ਤੁਸੀਂ **ਪਹਿਲਾਂ** ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ **ਭਾਲੋ*** (ਜਾਂ ਇੱਛਾ ਕਰੋ) ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।** * ਆਗਿਆਤਮਕ – ਇੱਕ ਆਗਿਆ

ਮੈਨੂੰ "ਇੱਛਾ ਕਰਨਾ" ਅਨੁਵਾਦ ਬਹੁਤ ਪਸੰਦ ਹੈ ਕਿਉਂਕਿ ਇਹ ਜਾਇਜ਼ ਅਨੁਵਾਦ ਹੈ।
ਸਾਡਾ ਸਵਰਗੀ ਪਿਤਾ ਚਾਹੁੰਦਾ ਹੈ ਕਿ ਅਸੀਂ ਸਭ ਚੀਜ਼ਾਂ ਤੋਂ ਵਧਕੇ ਉਸ ਦੇ ਰਾਜ ਦੇ ਲਈ "ਇੱਛਾ" ਰੱਖੀਏ।

"ਭਾਲ ਕਰਨਾ" ਇਹ ਇਸ਼ਾਰਾ ਕਰਦਾ ਹੈ ਕਿ ਪਰਮੇਸ਼ੁਰ ਦਾ ਰਾਜ ਸਾਡੇ ਤੋਂ ਲੁਕਿਆ ਹੋਇਆ ਹੈ।

ਇਹ ਲੁਕਿਆ ਹੋਇਆ ਨਹੀਂ ਹੈ, ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ (ਲੂਕਾ 17:21)
ਜੇਕਰ ਤੁਸੀਂ ਇਸ ਦੀ ਇੱਛਾ ਕਰਦੇ ਹੋ -> ਤਾਂ ਤੁਸੀਂ ਇਸ ਦੀ ਭਾਲ ਕਰੋਗੇ।

- ਇਹ ਕੀ ਹੈ ਜਿਸ ਦੀ ਅਸੀਂ ਭਾਲ ਕਰਨੀ ਹੈ?? ਪਰਮੇਸ਼ੁਰ ਦਾ ਰਾਜ ਕੀ ਹੈ??
- ਉੱਤਰ ਉੱਥੇ ਮਿਲਦਾ ਹੈ ਜਿੱਥੇ ਯਿਸੂ ਨੇ ਸਾਨੂੰ ਦੱਸਿਆ ਕਿ ਕਿਵੇਂ ਪ੍ਰਾਰਥਨਾ ਕਰਨੀ ਚਾਹੀਦੀ ਹੈ:

ਮੱਤੀ 6:9-10 ਹੇ ਸਾਡੇ **ਪਿਤਾ**, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, **10ਤੇਰਾ ਰਾਜ ਆਵੇ** (ਕਿਵੇਂ?), **ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ **ਪੂਰੀ** ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।

- ਉਸ ਦਾ ਰਾਜ ਆਉਂਦਾ ਹੈ ਅਤੇ ਹੈ -> ਜਦੋਂ ਉਸ ਦੀ ਇੱਛਾ ਪੂਰੀ ਕੀਤੀ ਜਾਂਦੀ ਹੈ -> ਜਦੋਂ ਉਸ ਦੀ ਆਗਿਆ ਮੰਨੀ ਜਾਂਦੀ ਹੈ . . . ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ।

- ਜਦੋਂ ਅਸੀਂ ਉਸ ਉੱਤੇ ਮੁਕਤੀਦਾਤਾ ਦੇ ਰੂਪ ਵਿੱਚ ਵਿਸ਼ਵਾਸ ਅਤੇ ਭਰੋਸਾ ਕਰਦੇ ਹਾਂ ਅਤੇ ਪ੍ਰਭੂ ਦੇ ਰੂਪ ਵਿੱਚ ਉਸ ਦੀ ਆਗਿਆ ਮੰਨਦੇ ਹਾਂ। ਵੇਖੋ: 1 ਯੂਹੰਨਾ 3:22-23

ਲੂਕਾ 12:32 ਹੇ ਛੋਟੇ ਝੁੰਡ, ਨਾ ਡਰ ਕਿਉਂਕਿ **ਤੁਹਾਡੇ ਪਿਤਾ ਨੂੰ ਪਸਿੰਦ ਆਇਆ ਹੈ ਜੋ ਰਾਜ ਤੁਹਾਨੂੰ ਦੇਵੇ**। ਜੇਕਰ ਤੁਸੀਂ ਸੱਚਮੁੱਚ ਇਹ ਚਾਹੁੰਦੇ ਹੋ!

- ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ। ਇਬਰਾਨੀਆਂ 11:6

ਤੁਹਾਨੂੰ ਚੰਗੀਆਂ ਚੀਜ਼ਾਂ ਦੇਣਾ ਉਸ ਨੂੰ ਅਨੰਦ ਦਿੰਦਾ ਹੈ:

- ਕੱਪੜੇ, ਭੋਜਨ, ਨਿਵਾਸ ਸਥਾਨ, ਤੰਦਰੁਸਤੀ
- ਬਰਕਤਾਂ ਅਤੇ ਖੁਸ਼ਹਾਲੀ
- ਅਜ਼ਾਦੀ ਅਤੇ ਛੁਟਕਾਰਾ
- ਅਧਿਕਾਰ ਅਤੇ ਸ਼ਕਤੀ
- ਖੁਸ਼ੀ ਅਤੇ ਸ਼ਾਂਤੀ

❖ ਇਹ ਵੀ:

**ਮੱਤੀ 16:19** **ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ** (ਬਹੁਵਚਨ) **ਤੈਨੂੰ ਦਿਆਂਗਾ** ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।

ਇਸ ਲਈ, ਜੇਕਰ ਕੋਈ ਤੁਹਾਨੂੰ ਘਰ ਜਾਂ ਕਾਰ ਦੀਆਂ ਕੁੰਜੀਆਂ ਦਿੰਦਾ ਹੈ ਅਤੇ ਆਖਦਾ ਹੈ:
"ਇਹ ਤੁਹਾਡੀਆਂ ਹਨ," ਇਸ ਦਾ ਕੀ ਅਰਥ ਹੈ?

- ਆਪਣੇ ਲਈ ਦਾਤ ਦੇ ਕਿਸੇ ਵੀ ਲਾਭ ਨੂੰ ਪ੍ਰਾਪਤ ਕਰ ਲਈ . . .
  **ਕੁੰਜੀਆਂ ਦਾ ਇਸਤੇਮਾਲ ਕਰਨਾ ਜ਼ਰੂਰੀ ਹੈ।**

ਇਸ ਲਈ > ਰਾਜ ਦੀਆਂ ਬਰਕਤਾਂ ਅਤੇ ਖੁਸ਼ਹਾਲੀ ਇਹ ਹਨ:
ਤੁਹਾਡੇ ਹੱਥ ਵਿੱਚ ਅਤੇ ਇਸ ਉੱਤੇ ਨਿਰਭਰ:

1. ਇਹ ਜਾਣਨਾ ਕਿ ਮੇਰੇ ਕੋਲ ਕੁੰਜੀਆਂ ਹਨ
2. ਇਹ ਜਾਣਨਾ ਕਿ ਕੁੰਜੀਆਂ ਕਿਸ ਲਈ ਹਨ
3. ਇਹ ਜਾਣਨਾ ਕਿ ਇਨ੍ਹਾਂ ਨੂੰ ਇਸਤੇਮਾਲ ਕਿਵੇਂ ਕਰਨਾ ਹੈ
4. ਅਤੇ ਫਿਰ: ਇਨ੍ਹਾਂ ਨੂੰ ਇਸਤੇਮਾਲ ਕਰਨਾ !

ਇਹ ਸਾਡਾ ਅਧਿਐਨ ਹੈ

ਕੁੰਜੀਆਂ ਦਰਵਾਜ਼ੇ ਖੋਲਦੀਆਂ ਹਨ ਮੱਤੀ 16:19 . . . ਜੋ ਕੁਝ **ਤੂੰ** ਧਰਤੀ ਉੱਤੇ **ਬੰਨ੍ਹੇਂਗਾ** ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ **ਤੂੰ** ਧਰਤੀ ਉੱਤੇ **ਖੋਲ੍ਹੇਂਗਾ** ਸੁਰਗ ਵਿੱਚ ਖੋਲ੍ਹਿਆ ਜਾਵੇਗਾ।

- ਹੇਠ ਦਿੱਤੀਆਂ ਕੁੰਜੀਆਂ ਤੁਹਾਡੇ ਲਈ ਪਰਮੇਸ਼ੁਰ ਦੇ ਰਾਜ ਦੇ ਲਈ ਦਰਵਾਜ਼ੇ ਖੋਲ੍ਹਦੀਆਂ ਹਨ।

ਕੁੰਜੀ #1 ਦੀ ਜਾਣ-ਪਛਾਣ

**2 ਕੁਰਿੰਥੀਆਂ 2:14** ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਮਸੀਹ ਵਿੱਚ **ਸਾਨੂੰ** ਸਦਾ **ਫਤਹ** ਦੇ ਕੇ **ਲਈ ਫਿਰਦਾ** (ਜੇਕਰ ਅਸੀਂ ਮਗਰ ਚੱਲਦੇ ਹਾਂ) ਹੈ ਅਰ **ਉਹ ਦੇ ਗਿਆਨ** ਦੀ ਵਾਸਨਾ **ਸਾਡੇ ਰਾਹੀਂ** ਥਾਓਂ ਥਾਈਂ **ਖਿਲਾਰਦਾ ਹੈ।**

ਯਿਸੂ ਤੁਹਾਡੇ ਲਈ ਇਹ ਚਾਹੁੰਦਾ ਹੈ:

➢ ਇੱਕ ਫਤਹਮੰਦ, ਜੇਤੂ ਅਤੇ ਭਰਪੂਰ ਜੀਵਨ

ਤੁਹਾਡੀ ਸੇਵਾ:

➢ ਹਰ ਸਥਾਨ ਉੱਤੇ ਉਸ ਦੇ ਗਿਆਨ ਨੂੰ ਵਿਖਾਉਣਾ ਅਤੇ ਦੂਸਰਿਆਂ ਨੂੰ ਇਸ ਤੋਂ ਜਾਣੂ ਕਰਾਉਣਾ।

**ਪਰਕਾਸ਼ ਦੀ ਪੋਥੀ 5:10** ਅਤੇ **ਓਹਨਾਂ ਨੂੰ** (ਯਿਸੂ ਨੇ) ਸਾਡੇ ਪਰਮੇਸ਼ੁਰ ਲਈ, ਇੱਕ **ਪਾਤਸ਼ਾਹੀ** ਅਤੇ **ਜਾਜਕ ਬਣਾਇਆ**, ਅਤੇ ਓਹ **ਧਰਤੀ** ਉੱਤੇ **ਰਾਜ** ਕਰਨਗੇ।

- ਯਿਸੂ ਮਸੀਹ ਦੀ ਪ੍ਰਭੂਤਾ ਦੇ ਅਧੀਨ ਵਿਸ਼ਵਾਸੀ ਪਰਮੇਸ਼ੁਰ ਦਾ ਰਾਜ ਹਨ।
- ਇਹੋ ਹੈ ਜੋ ਪਰਮੇਸ਼ੁਰ ਸ਼ੁਰੂਆਤ ਤੋਂ ਚਾਹੁੰਦਾ ਹੈ: ਉਤਪਤ 1:28

ਜੀਵਨ ਵਿੱਚ ਸਾਡਾ ਮਕਸਦ:

- ਪਾਪ ਦੇ ਉੱਤੇ ਜਿੱਤ ਪਾ ਕੇ ਰਾਜ ਕਰਨਾ ਅਤੇ ਇਸ ਤਰ੍ਹਾਂ ਸ਼ਤਾਨ ਉੱਤੇ ਰਾਜ ਕਰਨਾ।
- ਉਸ ਦੇ ਜੀਵਨ ਨੂੰ ਵਿਖਾਉਣਾ ਅਤੇ ਉਸ ਦੇ ਬਾਰੇ ਜਾਣਕਾਰੀ ਦੇਣਾ।

ਹਾਲਾਂਕਿ, ਸਾਨੂੰ ਇੱਕ **ਸਮੱਸਿਆ** ਹੈ

- ਸਾਡਾ ਪੁਰਾਣਾ ਸੁਭਾਅ ਪਾਪਮਈ ਹੈ!
- ਅਸੀਂ ਅਕਸਰ ਹਾਰ ਦਾ ਅਨੁਭਵ ਕਰਦੇ ਹਾਂ ਅਤੇ ਯਿਸੂ ਨੂੰ ਅੱਗੇ ਨਹੀਂ ਕਰਦੇ ਹਾਂ

ਕਿਰਪਾ ਕਰਕੇ ਇਹ ਪੜ੍ਹੋ: ਰੋਮੀਆਂ 7:14-21

ਸਮੱਸਿਆ! ਯੂਹੰਨਾ 8:34 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਹਰੇਕ ਜੋ **ਪਾਪ ਕਰਦਾ ਹੈ** ਸੋ ਪਾਪ ਦਾ **ਗੁਲਾਮ** ਹੈ।

2 ਪਤਰਸ 2:19 ਓਹ ਉਨ੍ਹਾਂ ਨਾਲ ਅਜ਼ਾਦੀ ਦਾ ਵਾਇਦਾ ਤਾਂ ਕਰਦੇ ਹਨ ਪਰ ਓਹ ਆਪ ਵਿਨਾਸ ਦੇ ਗੁਲਾਮ ਹਨ, **ਕਿਉਂਕਿ ਜਿਹ ਦਾ ਕੋਈ ਹਠਾੜੂ ਹੋ ਗਿਆ ਸੋ ਉਹ ਦਾ ਗੁਲਾਮ ਵੀ ਬਣਿਆ ਹੈ।**

➔ **ਪਾਪ** ਸਾਨੂੰ ਭਿਆਨਕ ਰੂਪ ਵਿੱਚ ਜਖਮੀ ਕਰਦਾ ਹੈ:

- ਕਹਾਉਤਾਂ 8:36 ਪਰ ਜੋ ਮੇਰਾ **ਪਾਪ** ਕਰਦਾ ਹੈ ਉਹ **ਆਪਣੀ ਜਾਨ ਦਾ ਨੁਕਸਾਨ ਕਰਦਾ ਹੈ,**

➔ **ਪਾਪ** ਭਿਆਨਕ ਰੂਪ ਵਿੱਚ ਸਾਡੀ ਸੇਵਕਾਈ ਅਤੇ ਧਰਤੀ ਉੱਤੇ ਸਾਡੇ ਮਕਸਦ ਵਿੱਚ ਰੁਕਾਵਟ ਬਣਦਾ ਹੈ।

- ਜੇਤੂ ਜੀਵਨ ਜੀਣਾ ਅਤੇ ਉਸ ਦੇ ਰਾਜ ਨੂੰ ਪਰਗਟ ਕਰਨਾ

ਯਿਸੂ ਬੰਧੂਆਂ ਨੂੰ **ਅਜ਼ਾਦ** ਕਰਨ ਲਈ ਆਇਆ। ਲੂਕਾ 4:18

ਉਸ ਦੇ ਮਗਰ ਚੱਲਣ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਜੇਤੂ ਜੀਵਨ ਜੀਣ ਲਈ ਅਜ਼ਾਦ . . .
ਜੋ ਇਹ ਹੈ: ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ।

ਰੋਮੀਆਂ 14:17

ਕੁੰਜੀਆਂ ਸਾਡੇ ਲਈ ਰਾਜ ਦੀਆਂ ਬਰਕਤਾਂ ਅਤੇ ਸਮਰੱਥਾ ਨੂੰ ਖੋਲ੍ਹਦੀਆਂ ਹਨ।

## ਕੁੰਜੀ #1: ਪਾਪ ਨੂੰ "ਨਾਂਹ" ਆਖਣਾ

ਪਾਪ ਸਦੀਪਕ ਜੀਵਨ ਲਈ ਸਮੱਸਿਆ **ਨਹੀਂ ਹੈ।** ਵਿਸ਼ਵਾਸ ਹੈ

(2 ਕੁਰਿੰਥੀਆਂ 5:19 ਯੂਹੰਨਾ 3:16)

ਪਾਪ ਬਰਕਤਾਂ ਨਾਲ ਭਰਪੂਰ ਅਤੇ ਜੇਤੂ ਜੀਵਨ ਲਈ ਸਮੱਸਿਆ **ਹੈ** !

ਮਿਸਰ ਵਿੱਚ:

- ਉਹ ਕਿਸੇ ਹੋਰ ਰਾਜੇ ਦੇ ਹੋਰ ਅਧਿਕਾਰ ਦੇ ਅਧੀਨ ਸਨ

- **ਅੰਧਕਾਰ ਦੇ ਰਾਜ** ਦੀ ਇੱਕ ਤਸਵੀਰ
- ਪਰਮੇਸ਼ੁਰ ਨੇ ਆਪਣੇ ਛੁਟਕਾਰਾ ਦੇਣ ਵਾਲੇ ਨੂੰ ਭੇਜਿਆ: ਮੂਸਾ।

ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਲੇਲੇ ਦੇ ਲਹੂ ਦੇ ਦੁਆਰਾ ਛੁਟਕਾਰਾ ਦਿੱਤਾ

- ਕੂਚ 12:13 ਅਰ ਉਹ ਲਹੂ ਤੁਹਾਡੇ ਲਈ ਘਰਾਂ ਉੱਤੇ ਜਿੱਥੇ ਤੁਸੀਂ ਹੋਵੋਗੇ ਨਿਸ਼ਾਨ ਹੋਵੇਗਾ ਅਤੇ ਜਦ **ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ** ਅਰ ਤੁਹਾਡੇ ਉੱਤੇ ਕੋਈ ਬਵਾ ਜਦ ਮੈਂ ਮਿਸਰ ਦੇਸ ਨੂੰ ਮਾਰਾਂਗਾ ਨਾ ਪਵੇਗੀ ਜਿਹੜੀ ਤੁਹਾਡਾ ਨਾਸ ਕਰੇ।
- ਕੂਚ 12:23 ਕਿਉਂ ਕਿ ਯਹੋਵਾਹ ਮਿਸਰੀਆਂ ਦੇ ਮਾਰਨ ਲਈ ਲੰਘੇਗਾ ਅਰ ਜਦ **ਉਹ** ਸੇਰੂ ਅਤੇ ਦੋਹਾਂ ਬਾਹੀਆਂ ਉੱਤੇ **ਲਹੂ ਨੂੰ ਵੇਖੇਗਾ** ਤਾਂ ਯਹੋਵਾਹ ਉਸ ਬੂਹੇ ਤੋਂ ਪਾਸਾ ਦੇਕੇ ਲੰਘ ਜਾਵੇਗਾ ਅਰ ਨਾਸ ਕਰਨ ਵਾਲੇ ਨੂੰ ਤੁਹਾਡੇ ਮਾਰਨ ਲਈ ਤੁਹਾਡਿਆਂ ਘਰਾਂ ਵਿੱਚ **ਨਾ ਆਉਣ ਦੇਵੇਗਾ**।

    - (ਮਾਰਨ ਵਾਲਾ "ਮੌਤ ਦਾ ਦੂਤ" ਹੈ। ਉਨ੍ਹਾਂ ਕੋਲ ਸਦੀਪਕ ਜੀਵਨ ਸੀ)

**ਲਾਲ ਸਮੁੰਦਰ:** (ਪਾਣੀ ਦੇ ਬਪਤਿਸਮੇ ਦੀ ਇੱਕ ਕਿਸਮ)

- ਉਨ੍ਹਾਂ ਨੂੰ ਇੱਕ ਵਾਰ ਅਤੇ ਹਮੇਸ਼ਾ ਲਈ ਫਿਰਊਨ ਤੋਂ ਵੱਖ ਕੀਤਾ। ਅਜ਼ਾਦ!
- ਸ਼ਤਾਨ ਦੀ ਇੱਕ ਤਸਵੀਰ। ਅੱਗੇ ਤੋਂ ਉਸ ਦੇ ਅਧਿਕਾਰ ਦੇ ਅਧੀਨ ਨਹੀਂ।

**ਉਜਾੜ** -> ਉਸ ਦੇ ਰਾਹਾਂ ਨੂੰ ਸਿੱਖਣਾ ਸੀ

- ਪ੍ਰਭੂ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ - ਬੱਦਲ ਅਤੇ ਅੱਗ (ਕੂਚ 13:21)
- ਸੁਰੱਖਿਆ ਦੇਣਾ - ਮੁਹੱਈਆ ਕਰਾਉਣਾ - ਅਗਵਾਈ ਕਰਨਾ
- ਸੰਸਾਰ ਵਿੱਚ, ਪਰ ਇਸ ਦੇ ਅਧਿਕਾਰ ਹੇਠ ਨਹੀਂ।
- ਕੇਵਲ 2 ਸਾਲ ਉਜਾੜ ਵਿੱਚ ਰਹਿਣਾ ਸੀ। ਪਰ, ਉਹ ਲਗਾਤਾਰ ਅਣ-ਆਗਿਆਕਾਰੀ ਕਰਦੇ ਰਹੇ ਜਿਸ ਕਾਰਨ 38 ਸਾਲ ਹੋਰ ਵਧ ਗਏ। ਉਸ ਪੀੜ੍ਹੀ ਦੇ ਜ਼ਿਆਦਾਤਰ ਲੋਕ ਉਜਾੜ ਵਿੱਚ ਮਰ ਗਏ - ਪਰਮੇਸ਼ੁਰ ਦੇ ਲੋਕ, ਪਰ ਕਦੇ ਵੀ ਵਾਅਦਾ ਕੀਤੇ ਹੋਏ ਦੇਸ ਨੂੰ ਪ੍ਰਾਪਤ ਨਹੀਂ ਕੀਤਾ।

**ਵਾਅਦਾ ਕੀਤਾ ਹੋਇਆ ਦੇਸ** - ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਦੀ ਇੱਕ ਕਿਸਮ।

- ਇੱਕ ਜੇਤੂ ਆਗੂ ਦੇ ਅਧੀਨ ਲੜਨ ਅਤੇ ਜਿੱਤਣ ਲਈ ਲੜਾਈਆਂ।

**ਪਹਿਲੀ ਲੜਾਈ**: ਸ਼ਹਿਰ ਪਨਾਹ ਵਾਲਾ ਸ਼ਹਿਰ ਯਰੀਹੋ:

- ਸਾਡੇ ਸਾਰਿਆਂ ਦੇ ਜੀਵਨ ਵਿੱਚ ਪਾਪ ਦੀ ਮਜ਼ਬੂਤ ਪਕੜ ਹੈ ਜਾਂ ਸੀ ਜਿਸ ਦੇ ਉੱਤੇ ਜਿੱਤ ਪਾਉਣਾ ਸਾਡੇ ਲਈ ਜ਼ਰੂਰੀ ਹੈ / ਕੰਧਾਂ ਨੂੰ ਤੋੜਨਾ ਜ਼ਰੂਰੀ ਹੈ।
- ਪਰਮੇਸ਼ੁਰ ਨੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਜਿੱਤਣਾ ਹੈ ਅਤੇ **ਕੰਧਾਂ ਡਿੱਗ ਪਈਆਂ।**

ਯਰੀਹੋ ਦੇ ਯੁੱਧ ਤੋਂ ਬਾਅਦ -> ਇਸਰਾਏਲ ਅਈ ਵਿੱਚ ਹਾਰ ਗਿਆ
ਕਾਰਨ:

1. ਯਰੀਹੋ ਦਾ ਸਾਰਾ ਖਜ਼ਾਨਾ "ਪਹਿਲੇ ਫਲ" ਪਰਮੇਸ਼ੁਰ ਦੇ ਸਨ (ਯਹੋਸ਼ੁਆ 6:17-19 ਅਤੇ ਕੂਚ 23:19) **ਕਈਆਂ ਨੇ ਆਗਿਆ ਨਹੀਂ ਮੰਨੀ**

2. ਯਹੋਸ਼ੁਆ 7:11 ਅਤੇ 12 **ਇਸਰਾਏਲ ਨੇ ਪਾਪ ਕੀਤਾ ਹੈ . . . ਏਸੇ ਲਈ ਇਸਰਾਏਲੀ ਆਪਣੇ ਵੈਰੀਆਂ ਦੇ ਅੱਗੇ ਖਲੋ ਨਾ ਸੱਕੇ**

ਅਜੇ ਵੀ ਪਰਮੇਸ਼ੁਰ ਦੇ - **ਪਰ ਜਿੱਤ ਨੂੰ ਗੁਆ ਦਿੱਤਾ**
**ਆਪਣੇ ਵੈਰੀ ਤੋਂ ਹਾਰ ਗਏ।**

ਤੁਸੀਂ ਪਰਮੇਸ਼ੁਰ ਦੇ ਰਾਜ ਵਿੱਚ ਅੰਧਕਾਰ ਦੇ ਰਾਜ ਦੇ ਸਿਧਾਂਤਾ ਦੁਆਰਾ ਜੇਤੂ ਜੀਵਨ ਨਹੀ ਗੁਜ਼ਾਰ ਸਕਦੇ।

**1 ਤਿਮੋਥਿਉਸ 6:9** ਪਰ ਓਹ ਜਿਹੜੇ ਧਨਵਾਨ ਬਣਿਆ ਚਾਹੁੰਦੇ ਹਨ ਸੋ **ਪਰਤਾਵੇ** ਅਤੇ **ਫਾਹੀ ਵਿੱਚ** ਅਤੇ ਬਹੁਤਿਆਂ ਮੂਰਖਪੁਣੇ ਦਿਆਂ ਅਤੇ ਨੁਕਸਾਨ ਕਰਨ ਵਾਲਿਆਂ **ਵਿਸ਼ਿਆਂ ਵਿੱਚ ਪੈਂਦੇ ਹਨ** ਜੋ ਮਨੁੱਖਾਂ ਨੂੰ **ਤਬਾਹੀ** ਅਤੇ **ਨਾਸ** ਦੇ ਸਮੁੰਦਰ ਵਿੱਚ ਡੋਬ ਦਿੰਦੇ ਹਨ।

**ਜਾਲ ਜਿਸ ਦਾ ਸ਼ਤਾਨ ਇਸਤੇਮਾਲ ਕਰਦਾ ਹੈ:**

ਯਾਕੂਬ 1:14-15 ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ **ਆਪਣੀ ਹੀ ਕਾਮਨਾ** (ਦ੍ਰਿੜ ਇੱਛਾ) ਨਾਲ ਲੁਭਾਇਆ ਅਤੇ ਭੁਚਲਾਇਆ ਜਾਂਦਾ ਹੈ। ਤਦ **ਕਾਮਨਾ** ਜਾਂ ਗਰਭਣੀ ਹੋਈ ਤਾਂ **ਪਾਪ** ਨੂੰ ਜਣਦੀ ਹੈ, ਅਤੇ **ਪਾਪ** ਜਾਂ **ਪੂਰੇ ਵਿੱਤ ਨੂੰ ਪੁੱਜਦਾ ਹੈ** ਤਾਂ **ਮੌਤ** (ਅਲੱਗਤਾਈ) ਨੂੰ ਜਨਮ ਦਿੰਦਾ ਹੈ।

ਇਹ ਵੀ ਵੇਖੋ: ਯਸਾਯਾਹ 59:2; ਰੋਮੀਆਂ 6:20-23

- ਜੇਕਰ ਤੁਸੀਂ ਕਾਮਨਾ ਉੱਤੇ ਜਿੱਤ ਨਹੀਂ ਪਾਉਂਦੇ - ਇਹ ਤੁਹਾਨੂੰ ਵਿਨਾਸ ਦੇ ਵੱਲ ਲੈ ਜਾਵੇਗੀ।
  ਕਾਮਨਾ -> ਪਾਪ -> ਮੌਤ = ਕਾਮਨਾ, ਪਾਪ ਅਤੇ ਮੌਤ -> ਇਹ ਤੁਹਾਨੂੰ ਨਾਸ ਕਰ ਦੇਵੇਗਾ।

**ਗਲਾਤੀਆਂ 5:19-21** **ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ। ਉਹ ਏਹ ਹਨ-ਹਰਾਮਕਾਰੀ**, ਗੰਦ ਮੰਦ, ਲੁੱਚਪੁਣਾ, ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜੀਆਂ, ਫੁੱਟਾਂ, ਬਿਦਤਾਂ, ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜਿਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ **ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।**

ਅਸੀਂ ਇਹ ਪ੍ਰਾਰਥਨਾ ਕਰਨੀ ਹੈ: **ਤੇਰਾ ਰਾਜ ਆਵੇ,ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ **ਜਮੀਨ ਉੱਤੇ ਵੀ ਹੋਵੇ।** ਮੱਤੀ 6:10

- ਮੱਤੀ 6:10 **ਇੱਥੇ ਅਤੇ ਹੁਣ** ਰਾਜ ਦੇ ਉੱਤੇ ਕਬਜ਼ਾ ਕਰਨ ਦੇ ਬਾਰੇ ਗੱਲ ਕਰਦੀ **ਹੈ** -> ਸਦੀਪਕ ਕਾਲ ਲਈ ਨਹੀਂ!
- **ਜੇਕਰ** ਗਲਾਤੀਆਂ 5:21 ਦਾ ਅਰਥ ਸਦੀਪਕ ਕਾਲ ਲਈ ਰਾਜ ਨੂੰ ਪ੍ਰਾਪਤ ਕਰਨਾ ਹੈ, ਤਾਂ ਇਹ ਆਖਦਾ ਹੈ ਕਿ ਯਿਸੂ ਦਾ ਲਹੂ ਸਾਡੇ ਪਾਪਾਂ ਨੂੰ ਮਾਫ਼ ਕਰਨ ਲਈ ਕਾਫ਼ੀ ਨਹੀਂ ਹੈ ਅਤੇ ਇਹ ਕਿ ਤੁਹਾਨੂੰ ਇਸ ਲਈ ਆਪਣੇ ਕੰਮਾਂ, ਆਪਣੀਆਂ ਕੋਸ਼ਿਸ਼ਾਂ ਨੂੰ ਕਰਨਾ ਜ਼ਰੂਰੀ ਹੈ, ਅਤੇ ਤਾਂ **ਤੁਸੀਂ ਬਚਾਏ ਜਾਵੋਗੇ।**

ਬਚਨ ਸਪੱਸ਼ਟ ਹਨ -> ਇਹ ਕੇਵਲ ਉਸ ਦਾ ਲਹੂ ਹੈ ਜੋ ਸਦੀਪਕ ਮੁਕਤੀ ਲਈ ਹੈ!

- ਅਫਸੀਆਂ 2:8-10 "ਕਿਉਂ ਜੋ ਤੁਸੀਂ ਕਿਰਪਾ ਤੋਂ . . . ਇਹ ਕਰਨੀਆਂ ਤੋਂ ਨਹੀਂ"
- ਇਬਰਾਨੀਆਂ 9:12, 26; 10:11-14

ਪਰਮੇਸ਼ੁਰ ਦੇ ਰਾਜ ਦਾ **ਅਕਰਸ਼ਣ ਪਿਆਰ** ਹੈ।

ਜੋ **ਪਿਆਰ** ਨਾਲ ਸ਼ੁਰੂ ਹੁੰਦਾ ਹੈ ਉਹ **ਜੀਵਨ** ਨਾਲ ਸਮਾਪਤ ਹੁੰਦਾ ਹੈ (ਯੂਹੰਨਾ 3:16)

ਅੰਧਕਾਰ ਦੇ ਰਾਜ ਦਾ **ਅਕਰਸ਼ਣ ਕਾਮਨਾ** ਹੈ।

ਜੋ **ਕਾਮਨਾ** ਨਾਲ ਸ਼ੁਰੂ ਹੁੰਦਾ ਹੈ ਉਹ **ਪਾਪ** ਨਾਲ ਖਤਮ ਹੁੰਦਾ ਹੈ ਅਤੇ **ਰਿਸ਼ਤਿਆਂ** ਨੂੰ **ਨਾਸ ਕਰਦਾ** ਹੈ ਅਤੇ ਜੇਕਰ ਚੱਲਦਾ ਰਹਿੰਦਾ ਹੈ - **ਮੌਤ।** (ਯਾਕੂਬ 1:15)

**ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ: "ਮੈਨੂੰ ਕੀ ਕਾਬੂ ਕਰਦਾ / ਚਲਾਉਂਦਾ ਹੈ?"**

ਪਰਮੇਸ਼ੁਰ ਦੇ ਰਾਜ ਨੂੰ ਚਲਾਉਣ ਦਾ ਸਿਧਾਂਤ **ਪਿਆਰ** ਹੈ।
ਅੰਧਕਾਰ ਦੇ ਰਾਜ ਨੂੰ ਚਲਾਉਣ ਦਾ ਸਿਧਾਂਤ **ਕਾਮਨਾ** ਹੈ।

(ਹਰਾਮਕਾਰੀ, ਅਸ਼ੁੱਧ ਵਿਚਾਰ, ਵਾਸਨਾ ਦੇ ਅਨੰਦ ਲਈ ਕਾਹਲ)

ਪਰਮੇਸ਼ੁਰ ਦੇ ਰਾਜ ਵਿੱਚ ਧੰਨ ਅਤੇ ਜੇਤੂ ਜੀਵਨ ਅੱਜ ਲਈ ਹੈ
ਅੱਜ ਪਰਮੇਸ਼ੁਰ ਦੇ ਰਾਜ ਵਿੱਚ ਰਹਿਣ ਲਈ **ਸਾਨੂੰ** ਸਰੀਰ ਦੀਆਂ ਵਾਸਨਾ ਵਾਲੀਆਂ ਕਾਮਨਾਵਾਂ ਨੂੰ **ਨਾਂਹ!** ਆਖਣਾ **ਚਾਹੀਦਾ ਹੈ** ਅਤੇ ਪਾਪ ਨੂੰ **ਨਾਂਹ!** ਆਖਣਾ **ਚਾਹੀਦਾ ਹੈ!**

(ਇਹ ਨੋਟਸ ਵੇਖੋ: www.treasurehisword.com ਉੱਤੇ ਅਜਗਰ ਨੂੰ ਹਰਾਉਣਾ)

ਕਿਵੇਂ???

#1 1 ਕੁਰਿੰਥੀਆਂ 9:25-26 ਹਰੇਕ ਪਹਿਲਵਾਨ ਸਭਨੀਂ ਗੱਲੀਂ **ਸੰਜਮੀ** ਹੁੰਦਾ ਹੈ। ਸੋ ਉਹ ਤਾਂ ਨਾਸਵਾਨ ਸਿਹਰੇ ਨੂੰ ਪਰ ਅਸੀਂ ਅਵਿਨਾਸੀ ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ। ਸੋ ਮੈਂ **ਇਉਂ ਦੌੜਦਾ** ਹਾਂ ਪਰ **ਬੇਥੌਹਾ ਨਹੀਂ।** ਮੈਂ ਇਉਂ ਹੂਰੀਂ ਲੜਦਾ ਹਾਂ ਪਰ ਉਸ ਵਾਂਙੁ ਨਹੀਂ ਜੋ ਪੌਣ ਨੂੰ ਮਾਰਦਾ ਹੈ। ਭਈ ਐਉਂ ਨਾ ਹੋਵੇ ਜੋ . . . ਆਪ ਅਪਰਵਾਨ ਹੋ ਜਾਵਾਂ।

- ਤੁਹਾਨੂੰ ਟੀਮ ਦੇ ਵਿੱਚ ਰਹਿਣ ਲਈ ਸਖਤ ਮਿਹਨਤ ਅਤੇ ਸਿਖਲਾਈ ਕਰਨੀ ਹੈ ਜਾਂ ਤੁਸੀਂ ਬਾਹਰ ਬੈਠੋ ਅਤੇ ਦੂਸਰਿਆਂ ਨੂੰ ਵੇਖੋ।
- ਫੌਜ ਅਤੇ ਸਮੁੰਦਰੀ ਫੌਜ ਸਿਖਾਉਂਦੇ ਹਨ ਅਤੇ ਸਖ਼ਤ ਅਨੁਸ਼ਾਸ਼ਨ ਦੀ ਮੰਗ ਕਰਦੇ ਹਨ
- **ਸੰਜਮ** - > ਪਵਿੱਤਰ ਆਤਮਾ ਦੀਆਂ ਪਹਿਲੀਆਂ ਪ੍ਰੇਰਣਾਵਾਂ ਲਈ ਤੁਰੰਤ ਆਗਿਆਕਾਰੀ।

2 ਤਿਮੋਥਿਉਸ 2:19-26 ਭਈ ਹਰੇਕ ਜਿਹੜਾ ਪ੍ਰਭੁ ਦਾ ਨਾਮ ਲੈਂਦਾ ਹੈ **ਕੁਧਰਮ ਤੋਂ ਅੱਡ ਰਹੇ।** [21] ਸੋ ਜੇ ਕੋਈ **ਆਪਣੇ ਆਪਣੇ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ** ਤਾਂ ਉਹ **ਆਦਰ** ਦੇ ਕੰਮ ਲਈ **ਪਵਿੱਤਰ ਕੀਤਾ ਹੋਇਆ** ਮਾਲਿਕ ਦੇ **ਵਰਤਣ ਜੋਗ** ਅਤੇ ਹਰੇਕ ਚੰਗੇ ਕੰਮ ਲਈ **ਤਿਆਰ ਕੀਤਾ ਹੋਇਆ** ਭਾਂਡਾ ਹੋਵੇਗਾ। [22] **ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੁ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ **ਮਗਰ ਲੱਗਾ ਰਹੁ।** [26] ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।

#2 ਮੱਤੀ 26:41 **ਜਾਗੋ** ਅਤੇ **ਪ੍ਰਾਰਥਨਾ ਕਰੋ** ਜੋ ਤੁਸੀਂ ਪਰਤਾਵੇ **ਵਿੱਚ ਨਾ ਪਓ। ਆਤਮਾ ਤਾਂ ਤਿਆਰ ਹੈ** ਪਰ **ਸਰੀਰ ਕਮਜ਼ੋਰ ਹੈ।**

- ਸ਼ਤਾਨ ਦੀ ਲੋਭ ਵਾਲੀ ਫਾਹੀ ਲਈ **ਜਾਗਦੇ ਰਹਿਣਾ** ਜਿਸ ਦੇ ਲਈ ਅਸੀਂ ਕਾਮਨਾ ਕਰਦੇ ਹਾਂ।
- ਪਰਖਣ ਦੀ ਬੁੱਧ ਲਈ **ਪ੍ਰਾਰਥਨਾ ਕਰਨਾ**। ਅਫਸੀਆਂ 6:18
- ਯਿਸੂ ਦੀ ਆਗਿਆ ਮੰਨਣ ਲਈ ਸਰੀਰ **ਕਮਜ਼ੋਰ** ਹੈ। ਪਰ ਵਾਸਨਾ ਦੀਆਂ ਕਾਮਨਾਵਾਂ ਦੇ ਮਗਰ ਚੱਲਣ ਲਈ **ਤਕੜਾ** ਹੈ।

## "ਨਾਂਹ" ਆਖੋ!

ਇਹੋ ਸਭ ਸੀ ਜੋ ਆਦਮ ਅਤੇ ਹੱਵਾਹ ਨੇ ਕਰਨਾ ਸੀ – **ਆਗਿਆ ਮੰਨਣਾ** ਅਤੇ "**ਨਾਂਹ**" ਆਖਣਾ। ਉਨ੍ਹਾਂ ਨੂੰ ਪਾਪ ਦੇ ਨਤੀਜਿਆਂ ਦਾ ਕੋਈ ਅਨੁਭਵ ਨਹੀਂ ਸੀ -> **ਸਾਨੂੰ ਹੈ।**

**1 ਕੁਰਿੰਥੀਆਂ 10:13** ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ **ਨਹੀਂ ਪੈਣ ਦੇਵੇਗਾ** ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ **ਉਪਾਓ ਵੀ ਕੱਢ ਦੇਵੇਗਾ** ਭਈ ਤੁਸੀਂ ਝੱਲ ਸੱਕੋ।

## ਕੇਵਲ "ਨਾਂਹ" ਆਖੋ!

ਉਦਾਹਰਣ: ਯੂਸੁਫ਼ ਨੂੰ ਜਦੋਂ ਉਸ ਦੇ ਮਾਲਕ ਦੀ ਪਤਨੀ ਦੁਆਰਾ ਪਰਤਾਇਆ ਗਿਆ ਤਾਂ ਉਸ ਨੇ "ਨਾਂਹ" ਆਖਿਆ ਅਤੇ ਭੱਜਿਆ। (ਉਤਪਤ 39:5-12)

## ਪਰ, ਜੇਕਰ ਕੋਈ ਅੱਗੇ ਵਧਕੇ ਪਾਪ ਦੀ ਫਾਹੀ ਦੇ ਵਿੱਚ ਵੜਦਾ ਹੈ:

2 ਤਿਮੋਥਿਉਸ 2:25-26 ਅਤੇ ਜਿਹੜੇ ਸਾਹਮਣਾ ਕਰਦੇ ਹਨ ਓਹਨਾਂ ਨੂੰ ਨਰਮਾਈ ਨਾਲ ਤਾੜਨਾ ਕਰੇ ਭਈ ਕੀ ਜਾਣੀਏ ਜੋ ਪਰਮੇਸ਼ੁਰ ਓਹਨਾਂ ਨੂੰ ਤੋਬਾ ਕਰਨੀ ਬਖ਼ਸ਼ੇ ਭਈ **ਸਤ ਦੇ ਗਿਆਨ ਨੂੰ ਪਰਾਪਤ ਕਰਨ।** ਅਤੇ **ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।**

- ਕੀ ਤੁਹਾਡੇ ਜੀਵਨ ਵਿੱਚ ਅਜਿਹੇ ਖੇਤਰ ਹਨ ਜੋ ਸ਼ਤਾਨ ਦੇ ਕਬਜ਼ੇ ਵਿੱਚ ਹਨ ???

ਸਾਨੂੰ ਅੱਜ ਇਸ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਵਿੱਚ ਚੱਲਣ ਲਈ ਅਤੇ ਉਸ ਨਾਲ ਸੰਗਤੀ ਵਿੱਚ ਚੱਲਣ ਲਈ – > ਸਾਨੂੰ ਇਹ ਕਰਨਾ ਜ਼ਰੂਰੀ ਹੈ: ਪਾਪ ਨੂੰ **"ਨਾਂਹ"** ਆਖਣਾ

ਅਤੇ ਜੇਕਰ ਅਸੀਂ **ਪਾਪ ਕਰਦੇ ਹਾਂ** – ਇਸ ਤੋਂ ਮੁੜੋ ਅਤੇ ਇਸ ਦਾ ਅੰਗੀਕਾਰ ਕਰੋ। ਜੇਕਰ ਨਹੀਂ: ਅਸੀਂ ਅੰਧਕਾਰ ਦੇ ਰਾਜ ਵਿੱਚ ਦਾਖਲ ਹੁੰਦੇ ਹਾਂ ਅਤੇ ਉਸ ਦੀ ਸੰਗਤੀ ਤੋਂ ਬਾਹਰ ਜਾਂਦੇ ਹਾਂ।

1 ਯੂਹੰਨਾ 1:6 ਜੇ ਅਸੀਂ ਆਖੀਏ ਭਈ ਸਾਡੀ **ਉਹ ਦੇ ਨਾਲ ਸੰਗਤ ਹੈ** ਅਤੇ **ਚੱਲੀਏ ਅਨ੍ਹੇਰੇ ਵਿੱਚ** ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ।

ਪਾਪ ਤੁਹਾਨੂੰ ਅਪੰਗ ਕਰਦਾ ਹੈ!

**1 ਪਤਰਸ 5:8** **ਸੁਚੇਤ** ਹੋਵੋ, **ਜਾਗਦੇ** ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ **ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ!**

ਤੁਹਾਡੇ ਜੀਵਨ ਵਿੱਚ ਪਾਪ ਹੋਣ ਕਾਰਨ, ਤੁਸੀਂ ਸ਼ੇਰ ਤੋਂ ਪੀੜਤ ਇਲਾਕੇ ਅਫ਼ਰੀਕਾ ਵਿੱਚ ਇੱਕ ਅਪੰਗ ਬਾਰਾਂ ਸਿੰਗੇ ਵਾਂਗ ਹੋ।

- ਸ਼ੇਰ ਕੀ ਖਾਂਦੇ ਹਨ? ਉੱਤਰ: ਮਾਸ !
- ਉਸ ਨੂੰ ਭਾਲਣਾ ਜੋ ਉਸ ਦੇ ਇਲਾਕੇ ਵਿੱਚ ਦਾਖਲ ਹੋ ਗਿਆ ਹੈ।

ਜਦੋਂ ਅਸੀਂ ਪਾਪ ਕਰਦੇ ਹਾਂ > ਅਸੀਂ ਸ਼ਤਾਨ ਨੂੰ ਇੱਕ ਮੌਕਾ ਦਿੰਦੇ ਹਾਂ
(2 ਕੁਰਿੰਥੀਆਂ 2:11; ਅਫਸੀਆਂ 4:27)

ਗਲਾਤੀਆਂ 5:16-17 ਪਰ ਮੈਂ ਆਖਦਾ ਹਾਂ, ਤੁਸੀਂ **ਆਤਮਾ ਦੁਆਰਾ ਚੱਲੋ** ਤਾਂ **ਸਰੀਰ ਦੇ ਵਿਸ਼ਿਆਂ** ਨੂੰ ਕਦੇ ਪੂਰਿਆਂ **ਨਾ ਕਰੋਗੇ**। ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ **ਏਹ ਇੱਕ ਦੂਏ ਦੇ ਵਿਰੁੱਧ ਹਨ** ਤਾਂ ਜੋ ਤੁਸੀਂ ਜੋ **ਚਾਹੁੰਦੇ** ਸੋ ਨਾ ਕਰੋ। (ਉਦਾਹਰਣ: ਬੁਰਾ ਅਤੇ ਚੰਗਾ ਕੁੱਤਾ)

ਗਲਾਤੀਆਂ 5:19-21 ਹੁਣ **ਸਰੀਰ ਦੇ ਕੰਮ** ਤਾਂ ਪਰਗਟ ਹਨ। ਉਹ ਏਹ ਹਨ – {1} ਹਰਾਮਕਾਰੀ, {2} ਗੰਦ ਮੰਦ, {3} ਲੁੱਚਪੁਣਾ, {4} ਮੂਰਤੀ ਪੂਜਾ, {5} ਜਾਦੂਗਰੀ, {6} ਵੈਰ, {7} ਝਗੜੇ, {8} ਹਸਦ, {9} ਕ੍ਰੋਧ, {10} ਧੜੇਬਾਜੀਆਂ, {11} ਫੁੱਟਾਂ, {12} ਬਿਦਤਾਂ, {13} ਖਾਰ, {14} ਨਸ਼ੇ, {15} ਬਦਮਸਤੀਆਂ, ਅਤੇ {16} ਹੋਰ ਇਹੋ ਜਿਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ **ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।**

- ਆਪਣੀ ਮਿਰਾਸ ਨੂੰ ਹੁਣ ਅਤੇ ਇੱਥੇ ਨਹੀਂ ਪਾਉਣਗੇ ਅਤੇ ਇਸ ਦਾ ਅਨੰਦ ਨਹੀਂ ਮਾਣਨਗੇ।
- ਇਹ ਨਿਸ਼ਚਿਤ ਹੀ ਧਰਤੀ ਉੱਤੇ ਰਾਜ ਦੇ ਅਧਕਾਰੀ ਹੋਣ ਬਾਰੇ ਗੱਲ ਕਰਦਾ ਹੈ, **ਇੱਥੇ ਅਤੇ ਹੁਣ**, ਜਿਵੇਂ ਕਿ "ਪੁਰਾਣਾ ਪਾਪੀ ਸੁਭਾਅ" ਸਾਡੇ ਸਰੀਰ ਨਾਲ ਇਸ ਧਰਤੀ ਉੱਤੇ ਛੱਡਿਆ ਜਾਵੇਗਾ ਅਤੇ ਸਵਰਗ ਵਿੱਚ ਨਹੀਂ ਜਾਵੇਗਾ। ਕੇਵਲ "ਪਰਮੇਸ਼ੁਰ ਤੋਂ ਜਨਮਿਆ ਨਵਾਂ ਮਨੁੱਖ" ਜੋ "ਧਰਮੀ ਅਤੇ ਪਵਿੱਤਰ" ਹੈ, ਸਵਰਗ ਵਿੱਚ ਲਿਜਾਇਆ ਜਾਵੇਗਾ।

1 ਕੁਰਿੰਥੀਆਂ 15:50 ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸੱਕਦੇ

ਕੇਵਲ ਸਾਡਾ ਨਵਾਂ ਸੁਭਾਅ ਜੋ ਧਰਮੀ ਅਤੇ ਪਵਿੱਤਰ ਹੈ, ਅਧਕਾਰੀ ਹੈ।

→ ਹਰੇਕ ਨਵਾਂ ਜਨਮ ਪਾਏ ਹੋਏ ਵਿਅਕਤੀ ਕੋਲ ਉਸ ਦੇ ਲਹੂ ਵਿੱਚ ਨਵੇਂ ਨੇਮ ਦੇ ਕਾਰਨ, ਉਨ੍ਹਾਂ ਵਿੱਚ "ਨਵੇਂ ਸੁਭਾਅ" ਦੇ ਰੂਪ ਵਿੱਚ ਸਦੀਪਕ ਜੀਵਨ ਹੈ। 2 ਕੁਰਿੰਥੀਆਂ 5:19

→ ਇਨ੍ਹਾਂ ਬੰਦਾਂ ਵਿੱਚ ਸਦੀਪਕ ਜੀਵਨ ਇੱਕ ਪ੍ਰਸ਼ਨ ਨਹੀਂ ਹੈ।

ਪ੍ਰਸ਼ਨ ਇਹ ਹੈ:

→ ਅੱਜ ਤੁਸੀਂ ਕਿਸ ਰਾਜ ਵਿੱਚ ਰਹਿ ਰਹੇ ਹੋ?

→ ਕੀ ਤੁਸੀਂ ਅੰਧਕਾਰ ਦੇ ਰਾਜ ਦੇ ਅਧਕਾਰੀ ਵਾਂਗ ਰਹਿ ਰਹੇ ਹੋ?
ਜਾਂ ਪਰਮੇਸ਼ੁਰ ਦੇ ਰਾਜ ਦੇ?

→ ਅੱਜ ਕੀ ਤੁਸੀਂ ਪਰਮੇਸ਼ੁਰ ਦੇ ਰਾਜ ਦੀਆਂ ਬਰਕਤਾਂ ਨੂੰ ਪ੍ਰਾਪਤ ਕਰ / ਦੇ ਅਧਕਾਰੀ ਬਣ ਰਹੇ ਹੋ ਜਾਂ ਤੁਸੀਂ ਅੰਧਕਾਰ ਦੇ ਰਾਜ ਦੇ ਸਰਾਪਾਂ ਨੂੰ ਪ੍ਰਾਪਤ ਕਰ ਰਹੇ ਹੋ !?!?!?

ਗਲਾਤੀਆਂ 5:22 **ਪਰ ਆਤਮਾ ਦਾ ਫਲ ਇਹ ਹੈ**-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ ਸੰਜਮ।

ਪਰਮੇਸ਼ੁਰ ਦੇ ਰਾਜ ਵਿੱਚ ਰੋਜ਼ਾਨਾ ਰਹਿਣ ਲਈ ਮਸਲਾ ਇਹ ਹੈ-> ਤੁਸੀਂ ਕਿਸ ਨੂੰ ਆਪਣੇ ਜੀਵਨ ਉੱਤੇ ਕਾਬੂ ਕਰਨ ਦਿੰਦੇ ਹੋ? ਸਰੀਰ ਨੂੰ? ਜਾਂ ਪਵਿੱਤਰ ਆਤਮਾ ਨੂੰ?

ਅਸੀਂ ਇਹ ਹੋ ਸਕਦੇ ਹਾਂ:
ਪਵਿੱਤਰ ਆਤਮਾ ਦੁਆਰਾ ਚਲਾਏ ਜਾਂਦੇ -> ਪਰਮੇਸ਼ੁਰ ਦਾ ਰਾਜ ਰੋਮੀਆਂ 14:17
– ਜਾਂ –
ਸਰੀਰ ਦੁਆਰਾ ਚਲਾਏ ਜਾਂਦੇ! -> ਅੰਧਕਾਰ ਦਾ ਰਾਜ

ਗਲਾਤੀਆਂ 5:24-25 ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ **ਸਰੀਰ ਨੂੰ ਉਹ ਦੀਆਂ ਕਾਮਨਾ** ਅਤੇ **ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ। ਜੇ** ਅਸੀਂ **ਆਤਮਾ ਦੁਆਰਾ** ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ।**

ਗਲਾਤੀਆਂ 2:20 **ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ** ਪਰ **ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ** ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।

- ਕੀ ਤੁਸੀਂ ਕਦੇ ਇੱਕ ਮਰੇ ਹੋਏ ਮਨੁੱਖ ਨੂੰ ਪਾਪ ਕਰਦੇ ਹੋਏ ਵੇਖਿਆ ਹੈ???
- ਹਰੇਕ ਨੂੰ ਗਲਾਤੀਆਂ 2:20 ਨੂੰ ਯਾਦ ਕਰਨਾ ਚਾਹੀਦਾ ਹੈ ਅਤੇ ਇਸ ਅਨੁਸਾਰ ਰਹਿਣਾ ਚਾਹੀਦਾ ਹੈ!

ਗਲਾਤੀਆਂ 5:25 ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ।

**ਰੋਮੀਆਂ 6:12-13** (ਵਿਸ਼ਵਾਸੀਆਂ ਨੂੰ ਲਿਖਿਆ ਗਿਆ)
ਉਪਰੰਤ **ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ ਨਾ ਕਰੇ** ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ **ਹੋਵੋ।** ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ **ਪਰਮੇਸ਼ੁਰ ਨੂੰ ਸੌਂਪ ਦਿਓ** ਅਤੇ ਆਪਣੇ ਅੰਗ ਧਰਮ ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ।
ਕਿਉਂ ਜੋ **ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ** ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।
ਭਲਾ ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ ਤੁਸੀਂ ਉਸ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ

**ਕਹਾਉਤਾਂ 3:7-8** ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, ਯਹੋਵਾਹ ਦਾ ਭੈ ਰੱਖ ਅਤੇ **ਬੁਰਿਆਈ ਤੋਂ ਲਾਂਭੇ ਰਹੁ।** ਏਸ ਤੋਂ ਤੇਰੀ ਨਾਭੀ **ਨਿਰੋਗ**, ਅਤੇ ਤੇਰੀਆਂ ਹੱਡੀਆਂ ਪੁਸ਼ਟ ਰਹਿਣਗੀਆਂ।
**ਕਹਾਉਤਾਂ 8:36** ਪਰ ਜੋ ਮੇਰਾ ਪਾਪ ਕਰਦਾ ਹੈ ਉਹ ਆਪਣੀ ਜਾਨ ਦਾ ਨੁਕਸਾਨ ਕਰਦਾ ਹੈ

**ਕਹਾਉਤਾਂ 13:21** ਬਿਪਤਾ ਪਾਪੀਆਂ ਦੇ ਪਿੱਛੇ ਪੈਂਦੀ ਹੈ, ਪਰ ਧਰਮੀਆਂ ਨੂੰ ਚੰਗਾ ਫਲ ਮਿਲੇਗਾ।

**ਕਹਾਉਤਾਂ 22:5** ਟੇਢਿਆਂ ਦੇ ਰਾਹ ਵਿੱਚ ਕੰਡੇ ਅਤੇ ਫਾਹੀਆਂ ਹੁੰਦੀਆਂ ਹਨ, ਜਿਹੜਾ ਆਪਣੀ ਜਾਨ ਦੀ ਰੱਛਿਆ ਕਰਦਾ ਹੈ ਉਹ ਉਨ੍ਹਾਂ ਤੋਂ ਲਾਂਭੇ ਰਹਿੰਦਾ ਹੈ।

ਬੈਥਜਥਾ ਦੇ ਤਾਲ ਉੱਤੇ ਚੰਗਾਈ ਆਪਣੀ ਮੰਜੀ ਚੁੱਕ ਕੇ ਤੁਰ ਪਉ

**ਯੂਹੰਨਾ 5:14** ਇਸ ਤੋਂ ਬਾਅਦ ਯਿਸੂ ਉਸ ਨੂੰ ਹੈਕਲ ਵਿੱਚ ਮਿਲਿਆ ਅਤੇ ਉਸ ਨੂੰ ਆਖਿਆ, **ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ।**

---

ਸਾਨੂੰ ਉਹ ਕਰਨਾ ਜ਼ਰੂਰੀ ਨਹੀਂ ਹੈ ਜੋ ਰਸੂਲਾਂ ਨੇ ਕੀਤਾ -> ਗਲਤ ਸਿੱਟਾ ਕੱਢਦਾ ਹੈ।
**ਯੂਹੰਨਾ** 9:1–3 ਜਾਂ ਉਹ ਚੱਲਿਆ ਜਾਂਦਾ ਸੀ ਤਾਂ ਉਸ ਨੇ ਇੱਕ ਮਨੁੱਖ ਵੇਖਿਆ ਜਿਹੜਾ ਜਮਾਂਦਰੂ ਅੰਨ੍ਹਾ ਸੀ। (2) ਅਰ ਉਸ ਦੇ ਚੇਲਿਆਂ ਨੇ ਉਸ ਨੂੰ ਪੁੱਛਿਆ, ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ? (3) ਯਿਸੂ ਨੇ ਉੱਤਰ ਦਿੱਤਾ, ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿੱਚ ਪਰਗਟ ਕੀਤੇ ਜਾਣ।

---

**1 ਯੂਹੰਨਾ 2:1** ਹੇ ਮੇਰਿਓ ਬੱਚਿਓ, ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ **ਭਈ ਤੁਸੀਂ ਪਾਪ ਨਾ ਕਰੋ** ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।

**1 ਪਤਰਸ 2:21-24** ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ **ਤੁਸੀਂ ਉਹ ਦੀ ਪੈੜ ਉੱਤੇ ਤੁਰੋ। ਉਹ ਨੇ ਕੋਈ ਪਾਪ ਨਹੀਂ ਕੀਤਾ**, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। **ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ** ਅਤੇ ਦੁੱਖ ਪਾ ਕੇ **ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ। ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ **ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ।** ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ।

ਅਸੀਂ ਇਹ ਕਰਨਾ ਹੈ -> ਕੋਈ ਪਾਪ ਨਹੀਂ ਕਰਨਾ ! -> ਪਾਪ ਨੂੰ ਨਾਂਹ ਆਖਣਾ !

ਕੀ ਤੁਸੀਂ ਇਹ ਕਰ ਸਕਦੇ ਹੋ?????

ਫਿਲਿੱਪੀਆਂ 4:13 **ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।**

ਮੈਂ "ਨਾਂਹ" ਆਖ ਸਕਦਾ ਹਾਂ!

ਤੁਹਾਡੇ ਵਿੱਚ ਕੌਣ ਹੈ?? **"ਪਵਿੱਤਰ"** ਆਤਮਾ ! ਯਿਸੂ ਮਸੀਹ ਦਾ!

ਰੋਮੀਆਂ 14:17 ਕਿਉਂ ਜੋ ਪਰਮੇਸ਼ੁਰ ਦਾ ਰਾਜ . . . ਪਵਿੱਤਰ ਆਤਮਾ ਵਿੱਚ **ਸ਼ਾਂਤੀ** ਅਤੇ **ਅਨੰਦ** ਹੈ।

ਅਸੀਂ ਉਸ ਦੇ **ਰਾਜ** ਅਤੇ ਉਸ ਦੇ **ਜਾਜਕ** ਬਣਨਾ ਹੈ ਅਤੇ ਇਸ **ਧਰਤੀ** ਉੱਤੇ **ਰਾਜ ਕਰਨਾ ਹੈ।**

ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਮਸੀਹ ਵਿੱਚ **ਸਾਨੂੰ** ਸਦਾ **ਫਤਹ** ਦੇ ਕੇ **ਲਈ ਫਿਰਦਾ ਹੈ** ਅਰ **ਉਹ ਦੇ ਗਿਆਨ** ਦੀ ਵਾਸਨਾ ਸਾਡੇ ਰਾਹੀਂ ਥਾਓਂ ਥਾਈਂ ਖਿਲਾਰਦਾ ਹੈ। 2 ਕੁਰਿੰਥੀਆਂ 2:14

ਅੱਜ ਇੱਕ ਫੈਸਲਾ ਲਵੋ:

ਯਹੋਸ਼ੁਆ 24:15 ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ

- ਪਾਪ ਨੂੰ "ਨਾਂਹ" ਆਖਣ ਲਈ
- ਸੰਜਮ ਲਈ ਇੱਕ ਲੜਾਈ, ਯੁੱਧ ਸ਼ੁਰੂ ਕਰਨ ਲਈ
- ਅਜ਼ਾਦੀ ਵਿੱਚ ਚੱਲਣ ਲਈ ਜਿਸ ਦੇ ਲਈ ਮਸੀਹ ਨੇ ਤੁਹਾਨੂੰ ਅਜ਼ਾਦ ਕੀਤਾ ਹੈ
- "ਪਹਿਲਾਂ ਪਰਮੇਸ਼ੁਰ ਦੇ ਧਰਮ ਅਤੇ ਰਾਜ ਦੀ ਭਾਲ ਕਰਨ ਲਈ"।

ਤੁਹਾਡੇ ਕੋਲ ਤੁਹਾਡੇ ਹੱਥ ਵਿੱਚ ਕੁੰਜੀ ਹੈ -> **ਇਸ ਦੀ ਵਰਤੋਂ ਕਰੋ** !!

ਯਿਸੂ ਬੰਧੂਆਂ ਨੂੰ ਅਜ਼ਾਦ ਕਰਨ ਲਈ ਆਇਆ।

## ਕੁੰਜੀ #2 ਦੀ ਜਾਣ-ਪਛਾਣ

ਤੁਹਾਡਾ ਜੀਵਨ ਉਨ੍ਹਾਂ ਫੈਸਲਿਆਂ ਅਤੇ ਚੋਣਾਂ ਦਾ ਨਤੀਜਾ ਹੈ ਜੋ ਤੁਸੀਂ ਹਰ ਰੋਜ਼ ਕਰਦੇ ਹੋ। ਅਤੇ ਉਹ ਫੈਸਲੇ ਤੁਹਾਡੀਆਂ ਤਰਜੀਹਾਂ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ - ਜੋ ਤੁਸੀਂ ਸੋਚਦੇ ਹੋ ਕਿ ਤੁਹਾਡੇ ਸਮੇਂ ਅਤੇ ਪੈਸੇ ਨਾਲ ਅੱਗੇ ਵਧਾਉਣ ਲਈ ਮਹੱਤਵਪੂਰਣ ਅਤੇ ਯੋਗ ਹੈ।

- ਤੁਹਾਡਾ ਭਵਿੱਖ ਤੁਹਾਡੇ ਅੱਜ ਦੇ ਲਏ ਫੈਸਲਿਆਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

- ਤੁਹਾਡੇ ਫੈਸਲੇ ਤੁਹਾਡੇ ਕੱਲ ਲਈ ਬੰਦ ਜਾਂ ਖੁੱਲ੍ਹੇ ਦਰਵਾਜ਼ੇ ਹਨ।

- ਤੁਸੀਂ ਕੁੰਜੀਆਂ ਨੂੰ ਆਪਣੇ ਹੱਥ ਵਿੱਚ ਰੱਖਦੇ ਹੋ।

- ਤੁਹਾਡਾ ਅੱਜ ਦਾ ਜੀਵਨ ਤੁਹਾਡੇ ਪਿੱਛਲੇ ਫੈਸਲਿਆਂ ਦਾ ਨਤੀਜਾ ਹੈ।

- ਤੁਹਾਡਾ ਕੱਲ ਦਾ ਜੀਵਨ ਤੁਹਾਡੇ ਅੱਜ ਦੇ ਫੈਸਲਿਆਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

- ਤੁਹਾਡਾ ਜੀਵਨ ਤੁਹਾਡੀਆਂ ਤਰਜੀਹਾਂ ਦਾ ਪ੍ਰਗਟਾਵਾ ਹੈ – ਜਿਸ ਦੀ ਤੁਸੀਂ ਭਾਲ ਕਰਦੇ ਹੋ ਅਤੇ ਕੀਮਤੀ ਸਮਝਦੇ ਹੋ।

ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵਪੂਰਣ ਫੈਸਲਾ ਜੋ ਕਦੇ ਤੁਸੀਂ ਲਿਆ, ਉਹ ਹੈ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਅਤੇ ਉਸ ਨੂੰ ਆਪਣੇ ਮੁਕਤੀਦਾਤਾ ਦੇ ਰੂਪ ਵਿੱਚ ਗ੍ਰਹਿਣ ਕਰਨਾ।

ਦੂਸਰਾ ਅਤੇ ਇਸ ਦੇ ਬਰਾਬਰ ਮਹੱਤਵਪੂਰਣ ਫੈਸਲਾ ਹੈ, ਯਿਸੂ ਨੂੰ ਆਪਣੇ ਜੀਵਨ ਦਾ ਪ੍ਰਭੂ ਬਣਾਉਣਾ।

> ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?
>
> ਲੂਕਾ 6:46

ਤੁਹਾਨੂੰ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਹੈ

ਜੇਕਰ ਯਿਸੂ ਪ੍ਰਭੂ ਹੈ: ਸਭ ਤੋਂ ਪਹਿਲੀ ਚੀਜ਼ ਜੋ ਉਹ ਸਾਨੂੰ ਦੱਸਦਾ ਹੈ:

- ਪਰ ਤੁਸੀਂ **ਪਹਿਲਾਂ** (1) **ਉਹ ਦੇ ਰਾਜ** ਅਤੇ (2) **ਉਹ ਦੇ ਧਰਮ** ਨੂੰ **ਭਾਲੋ** ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ। ਮੱਤੀ 6:33

**ਇਸ ਲਈ, ਜੇਕਰ ਯਿਸੂ ਪ੍ਰਭੂ ਹੈ:**

ਤੁਹਾਡੇ ਜੀਵਨ ਵਿੱਚ #1 ਤਰਜੀਹ: ਪਰਮੇਸ਼ੁਰ ਦਾ ਰਾਜ ਹੈ

ਇੱਕ ਧੰਨ ਅਤੇ ਸਫ਼ਲ ਜੀਵਨ ਇਸ ਦੇ ’ਤੇ ਅਧਾਰਿਤ ਹੈ -> ਸਾਡੇ ਸਿਰਜਣਹਾਰ, ਮੁਕਤੀਦਾਤਾ ਅਤੇ ਪ੍ਰਭੂ ਦੇ ਦੁਆਰਾ ਸਾਡੇ ਅੱਗੇ ਰੱਖੀਆਂ ਤਰਜੀਹਾਂ ਦੇ ਮਗਰ ਚੱਲਣਾ।

#1 “ਪਹਿਲਾਂ ਉਹ ਦੇ ਰਾਜ ਦੀ ਭਾਲ ਕਰੋ”। ਰਾਜ ਕੀ ਹੈ?

- ਰਾਜ ਵਿੱਚ **ਇੱਕ ਰਾਜਾ** ਹੁੰਦਾ ਹੈ। ਤੁਸੀਂ ਯਿਸੂ ਹੋ?

  1 ਤਿਮੋਥਿਉਸ 6:15 ਜਿਹ ਨੂੰ ਉਹ ਵੇਲੇ ਸਿਰ ਵਿਖਾਵੇਗਾ ਜਿਹੜਾ ਧੰਨ ਅਤੇ **ਅਦੁਤੀ** ਸਰਬ ਸ਼ਕਤੀਮਾਨ ਹੈ, ਰਾਜਿਆਂ ਦਾ **ਰਾਜਾ** ਅਤੇ ਪ੍ਰਭੂਆਂ ਦਾ **ਪ੍ਰਭੂ** ਹੈ।

  ਪਰਕਾਸ਼ ਦੀ ਪੋਥੀ 17:14 ਉਹ ਪ੍ਰਭੂਆਂ ਦਾ **ਪ੍ਰਭੂ** ਅਤੇ ਰਾਜਿਆਂ ਦਾ **ਰਾਜਾ** ਹੈ

ਪਰਕਾਸ਼ ਦੀ ਪੋਥੀ 19:16 ਉਹ ਦੇ ਬਸਤਰ ਉੱਤੇ ਅਰ ਉਹ ਦੇ ਪੱਟ ਉੱਤੇ ਇਹ ਨਾਮ ਲਿਖਿਆ ਹੋਇਆ ਹੈ,—ਰਾਜਿਆਂ ਦਾ **ਰਾਜਾ** ਅਤੇ ਪ੍ਰਭੂਆਂ ਦਾ **ਪ੍ਰਭੂ**।

- ਰਾਜਾ **ਅਧਿਕਾਰ** ਦਾ ਅਸਲ ਅਤੇ ਸਰਬ ਉੱਚ ਸਰੋਤ ਹੈ।
  - ਇਸ ਲਈ **ਪਰਮੇਸ਼ੁਰ ਦਾ ਰਾਜ** = **ਪਰਮੇਸ਼ੁਰ ਦੀ ਸਰਕਾਰ**।
  - ਉਹ ਦੇ ਰਾਜ ਨੂੰ ਖੋਜਣਾ ਆਪਣੇ ਜੀਵਨ ਵਿੱਚ ਉਹ ਦੀ ਸਰਕਾਰ ਨੂੰ ਖੋਜਣਾ ਹੈ।
- ਰਾਜਾ ਦਾ **ਬਚਨ** ਅੰਤਿਮ ਹੁੰਦਾ ਹੈ ਅਤੇ ਉਸ ਦੀ **ਇੱਛਾ ਨੂੰ ਪੂਰਾ ਕੀਤਾ ਜਾਂਦਾ ਹੈ**।
  ਇਸ ਦੇ ਉੱਤੇ ਬਹਿਸ, ਚਰਚਾ ਨਹੀਂ ਕੀਤੀ ਜਾ ਸਕਦੀ, ਨਾ ਹੀ ਇਸ ਨੂੰ ਚਣੌਤੀ ਦਿੱਤੀ ਜਾਂ ਸੁਧਾਰਿਆ ਜਾ ਸਕਦਾ ਹੈ।
  ਤੇਰਾ ਰਾਜ ਆਵੇ, **ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ **ਹੋਵੇ**।
- ਇੱਕ ਧਰਮੀ ਅਤੇ ਦਿਆਲੂ ਰਾਜਾ ਆਪਣੇ ਲਈ **ਧੰਨ ਦੌਲਤ** ਇਕੱਠਾ ਨਹੀਂ ਕਰਦਾ ਪਰ ਆਪਣੇ ਨਾਗਰਿਕਾਂ ਦੇ ਭਲੇ ਲਈ ਕਰਦਾ ਹੈ -> **ਤੁਸੀਂ**। ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ**।
- ਇੱਕ ਰਾਜਾ ਆਪਣੇ ਰਾਜ ਦਾ ਪ੍ਰਭੂ ਜਾਂ ਮਾਲਕ ਵੀ ਹੁੰਦਾ ਹੈ – ਸਭ ਕੁਝ ਉਸ ਦਾ ਹੈ।
  - **ਜ਼ਬੂਰ** 24:1 **ਧਰਤੀ** ਅਤੇ **ਉਸ ਦੀ ਭਰਪੂਰੀ** ਯਹੋਵਾਹ ਦੀ ਹੈ, **ਜਗਤ** ਅਤੇ **ਉਸ** ਦੇ ਨਿਵਾਸੀ।
  - **1 ਕੁਰਿੰਥੀਆਂ 6:19** ਤੁਸੀਂ ਆਪਣੇ ਆਪ ਦੇ ਨਹੀਂ ਹੋ? **ਤੁਸੀਂ ਤਾਂ** ਮੁੱਲ ਨਾਲ **ਲਏ ਹੋਏ ਹੋ,** ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।
- ਪਰਮੇਸ਼ੁਰ ਦੇ ਰਾਜ ਵਿੱਚ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜੋ ਨਿੱਜੀ ਜਾਇਦਾਦ ਹੈ। ਜੋ ਉਹ ਸਾਨੂੰ ਦਿੰਦਾ ਹੈ ਅਸੀਂ ਉਸ ਦੇ ਭੰਡਾਰੀ ਹਾਂ ਨਾ ਕਿ ਮਾਲਕ।

1 ਕੁਰਿੰਥੀਆਂ 4:1-3 ਆਦਮੀ ਸਾਨੂੰ ਇਉਂ ਜਾਣੇ ਜਿਉਂ ਮਸੀਹ ਦੇ **ਸੇਵਕ** ਅਤੇ ਪਰਮੇਸ਼ੁਰ ਦੇ ਭੇਤਾਂ ਦੇ **ਮੁਖਤਿਆਰ**। ਫੇਰ ਇੱਥੇ **ਮੁਖਤਿਆਰਾਂ** ਵਿੱਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ।

1 ਪਤਰਸ 4:8-11 ਸਭ ਤੋਂ ਪਹਿਲਾਂ ਇਹ ਹੈ ਭਈ ਤੁਸੀਂ **ਇੱਕ ਦੂਏ ਨਾਲ ਗੂੜ੍ਹਾ ਪ੍ਰੇਮ** ਰੱਖੋ ਕਿਉਂ ਜੋ ਪ੍ਰੇਮ ਬਾਹਲਿਆਂ ਪਾਪਾਂ ਨੂੰ ਢੱਕ ਲੈਂਦਾ ਹੈ। ਮੱਥੇ ਵੱਟ ਪਾਇਆਂ ਬਿਨਾ **ਇੱਕ ਦੂਏ ਦੀ ਪਰਾਹੁਣਚਾਰੀ ਕਰੋ**। ਹਰੇਕ ਨੂੰ ਜਿਹੀ ਦਾਤ ਮਿਲੀ ਓਸ ਨਾਲ **ਇੱਕ ਦੂਏ ਦੀ ਟਹਿਲ ਕਰੋ** ਜਿਵੇਂ ਪਰਮੇਸ਼ੁਰ ਦੀ ਬਹੁਰੰਗੀ ਕਿਰਪਾ ਦੇ **ਨੇਕ ਮੁਖਤਿਆਰਾਂ** ਨੂੰ ਉਚਿੱਤ ਹੈ।

#2 ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ **ਉਹ ਦੇ ਧਰਮ** ਨੂੰ ਭਾਲੋ

ਰੋਮੀਆਂ 14:17 ਕਿਉਂ ਜੋ **ਪਰਮੇਸ਼ੁਰ ਦਾ ਰਾਜ** ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ।

**ਧਾਰਮਿਕਤਾ** - ਨੈਤਿਕ ਰੂਪ ਵਿੱਚ ਸਹੀ, ਪਾਪ ਜਾਂ ਦੋਸ਼ ਤੋਂ ਰਹਿਤ।
ਸਹੀ ਕਰਨ ਦਾ ਨਤੀਜਾ।

ਪਰਮੇਸ਼ੁਰ ਦਾ ਰਾਜ ਅਤੇ ਧਾਰਮਿਕਤਾ ਹਮੇਸ਼ਾ ਇਕੱਠੇ ਚੱਲਦੇ ਹਨ।

- ਤੁਸੀਂ ਇੱਕ ਤੋਂ ਬਿਨ੍ਹਾਂ ਦੂਸਰੇ ਨੂੰ ਨਹੀਂ ਪਾ ਸਕਦੇ।

- ਜੇਕਰ ਤੁਸੀਂ ਉਸ ਦੇ ਰਾਜ ਨੂੰ ਭਾਲਦੇ ਹੋ, ਤਾਂ ਤੁਸੀਂ ਉਸ ਦੀ ਸਰਕਾਰ ਨੂੰ ਭਾਲਦੇ ਹੋ ਅਤੇ ਇਸ ਲਈ ਤੁਸੀਂ ਇੱਕ ਧਰਮੀ ਜੀਵਨ ਗੁਜ਼ਾਰੋਗੇ। **ਰਾਜੇ** ਨਾਲ **ਸਹੀ ਸਬੰਧ** ਵਿੱਚ ਅਤੇ **ਦੂਸਰਿਆਂ** ਨਾਲ ਸਹੀ ਸਬੰਧ ਵਿੱਚ ਮੁੱਖ ਸਿਧਾਂਤ **ਪਿਆਰ** ਹੈ।
  1 ਯੂਹੰਨਾ 3:22-24 ਅਤੇ ਜੋ ਕੁਝ **ਅਸੀਂ ਮੰਗਦੇ ਹਾਂ** ਸੋ ਓਸ ਤੋਂ ਸਾਨੂੰ **ਮਿਲਦਾ ਹੈ ਕਿਉਂ ਜੋ** (1) ਉਹ ਦੇ **ਹੁਕਮਾਂ** ਦੀ ਪਾਲਨਾ ਕਰਦੇ ਹਾਂ ਅਤੇ (2) ਉਹ ਕੰਮ **ਕਰਦੇ ਹਾਂ** ਜਿਹੜੇ **ਉਹ ਨੂੰ ਭਾਉਂਦੇ ਹਨ।** ਅਤੇ **ਉਹ ਦਾ ਹੁਕਮ ਇਹ ਹੈ** ਭਈ (ੳ) **ਅਸੀਂ** ਉਹ ਦੇ ਪੁੱਤਰ ਯਿਸੂ ਮਸੀਹ ਦੇ ਨਾਮ ਉੱਤੇ **ਨਿਹਚਾ ਕਰੀਏ** ਅਤੇ (ਅ) ਇੱਕ ਦੂਏ ਨਾਲ **ਪ੍ਰੇਮ** ਰੱਖੀਏ ਜਿਵੇਂ ਉਹ ਨੇ ਸਾਨੂੰ ਹੁਕਮ ਕੀਤਾ ਸੀ।

  ਅਤੇ ਅਸੀਂ ਉਹ ਦੇ **ਰਾਜ** ਵਿੱਚ ਰਹਿੰਦੇ ਹਾਂ . . . **ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

- **ਭਵਿੱਖ** ਵਿੱਚ ਆਉਣ ਵਾਲੇ ਪਰਮੇਸ਼ੁਰ ਦੇ ਰਾਜ ਵਿੱਚ ਸਾਡਾ ਦਾਖਲਾ ਯਿਸੂ ਦੇ ਲਹੂ ਦੁਆਰਾ ਅਤੇ ਧਾਰਮਿਕਤਾ ਦੀ ਉਸ ਦਾਤ ਦੇ ਦੁਆਰਾ **ਪੱਕਾ ਹੈ** ਜੋ ਹਰੇਕ ਵਿਸ਼ਵਾਸ ਕਰਨ ਵਾਲੇ ਨੂੰ ਦਿੱਤੀ ਗਈ ਹੈ (ਰੋਮੀਆਂ 3:22 ਅਰਥਾਤ ਪਰਮੇਸ਼ੁਰ ਦਾ ਉਹ ਧਰਮ ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ। ਇਹ ਉਨ੍ਹਾਂ ਸਭਨਾਂ ਦੇ ਲਈ ਹੈ ਜਿਹੜੇ ਨਿਹਚਾ ਕਰਦੇ ਹਨ ਕਿਉਂ ਜੋ ਕੁਝ ਭਿੰਨ ਭੇਦ ਨਹੀਂ ਹੈ)। ਫਿਰ ਅਤੇ ਉੱਥੇ **ਸਵਰਗ ਵਿੱਚ** ਇਸ ਪਾਪ ਦੇ ਸਰੀਰ ਤੋਂ **ਮੁਕਤ** - ਅਸੀਂ ਇੱਕ ਧਰਮੀ ਜੀਵਨ ਗੁਜ਼ਾਰਾਂਗੇ।

- **ਹਾਲਾਂਕਿ, ਅੱਜ** ਪਰਮੇਸ਼ੁਰ ਦੇ ਰਾਜ ਵਿੱਚ ਰਹਿਣ ਅਤੇ ਚੱਲਣ ਲਈ -> ਸਾਨੂੰ **ਜ਼ਰੂਰੀ ਹੈ** ਕਿ ਅਸੀਂ ਇਹ ਕਰੀਏ
  - **ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ**
  - **ਕਿਵੇਂ?** ਇਹ ਆਖਣ ਦੁਆਰਾ . . .

ਪਾਪ ਨੂੰ "ਨਾਂਹ" ਅਤੇ ਯਿਸੂ ਨੂੰ "ਹਾਂ"

## **ਕੁੰਜੀ #2** ਯਿਸੂ ਨੂੰ "ਹਾਂ" ਆਖੋ

ਲੂਕਾ 6:46-49 ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ **ਕਿਉਂ** ਪੁਕਾਰਦੇ ਹੋ ਪਰ **ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?** (47) ਹਰੇਕ ਜੋ ਮੇਰੇ ਕੋਲ ਆਉਂਦਾ ਹੈ ਅਤੇ ਮੇਰੇ ਬਚਨ **ਸੁਣ** ਕੇ ਉਨ੍ਹਾਂ ਨੂੰ **ਮੰਨਦਾ** ਹੈ ਮੈਂ ਤੁਹਾਨੂੰ ਦੱਸਦਾ ਹਾਂ ਜੋ ਉਹ ਕਿਸ ਵਰਗਾ ਹੈ। (48) ਉਹ ਉਸ ਮਨੁੱਖ ਵਰਗਾ ਹੈ ਜਿਹ ਨੇ ਘਰ ਬਣਾਉਂਦਿਆਂ ਡੂੰਘਾ ਪੁੱਟ ਕੇ ਪੱਥਰ ਉੱਤੇ ਨੀਉਂ ਧਰੀ ਅਤੇ

ਜਾਂ ਹੜ੍ਹ ਆਇਆ ਤਾਂ ਧਾਰ ਨੇ ਉਸ ਘਰ ਉੱਤੇ ਜ਼ੋਰ ਮਾਰਿਆ ਪਰ ਉਹ ਨੂੰ ਹਿਲਾ ਨਾ ਸੱਕੀ ਇਸ ਲਈ ਜੋ ਉਹ ਅੱਛੀ ਤਰਾਂ ਬਣਾਇਆ ਹੋਇਆ ਸੀ। (49) ਪਰ ਜਿਹੜਾ ਸੁਣ ਕੇ **ਨਹੀਂ ਮੰਨਦਾ** ਉਹ ਉਸ ਮਨੁੱਖ ਵਰਗਾ ਹੈ ਜਿਹ ਨੇ ਨੀਉਂ ਬਿਨਾ ਧਰਤੀ ਉੱਤੇ ਘਰ ਬਣਾਇਆ ਜਿਸ ਉੱਤੇ ਧਾਰ ਨੇ ਜ਼ੋਰ ਮਾਰਿਆ ਅਤੇ ਉਹ ਝੱਟ **ਡਿੱਗ ਪਿਆ** ਅਰ ਉਸ ਘਰ ਦਾ ਸੱਤਿਆ **ਨਾਸ** ਹੋ ਗਿਆ।

ਅਣ-ਆਗਿਆਕਾਰੀ ਮਹਿੰਗੀ ਹੈ ਅਤੇ ਜੋ ਤੁਸੀਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ ਉਸ ਨੂੰ ਢਹਿਣ ਅਤੇ ਨਾਸ ਹੋਣ ਵੱਲ ਲੈ ਜਾਂਦੀ ਹੈ।

ਇਹੋ ਸਭ ਸੀ ਜੋ ਆਦਮ ਅਤੇ ਹੱਵਾਹ ਨੇ ਕਰਨਾ ਸੀ –

ਪਾਪ ਅਤੇ ਸ਼ਤਾਨ ਨੂੰ "ਨਾਂਹ" ਆਖਣਾ ਅਤੇ ਪਰਮੇਸ਼ੁਰ ਨੂੰ "ਹਾਂ" ਆਖਣਾ।

ਉਨ੍ਹਾਂ ਕੋਲ **ਧਰਮ, ਸ਼ਾਂਤੀ ਅਤੇ ਅਨੰਦ** ਹੁੰਦਾ, ਬਾਗ ਵਿੱਚ ਲੋੜ ਦੀ ਹਰੇਕ ਚੀਜ਼ ਮੁਹੱਈਆ ਕਰਵਾਈ ਗਈ ਸੀ। ਅਤੇ ਪਰਮੇਸ਼ੁਰ ਦੇ ਨਾਲ ਬਹੁਤ ਗੂੜਾ ਸਬੰਧ ਹੁੰਦਾ।

ਉਨ੍ਹਾਂ ਦੇ **ਫੈਸਲੇ** ਨੇ ਉਨ੍ਹਾਂ ਨੂੰ **ਬਾਹਰ** ਕੱਢਿਆ ਅਤੇ ਉਨ੍ਹਾਂ ਨੂੰ ਆਪਣੇ ਲਈ ਖੁਦ ਮੁਹੱਈਆ ਕਰਾਉਣਾ ਪਿਆ।

ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ / ਇੱਛਾ ਕਰੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।

- ਇਹ ਸਭ ਕੁਝ ਬਾਗ ਵਿੱਚ ਮੁਹੱਈਆ ਕਰਾਇਆ ਗਿਆ ਸੀ।
- ਰਾਜਾ ਤੁਹਾਡੀ ਦੇਖਭਾਲ ਕਰੇਗਾ।
- ਪਰ ਆਗਿਆ ਨਾ ਮੰਨਣਾ ਆਪਣੇ ਆਪ ਨੂੰ ਰਾਜ ਤੋਂ ਬਾਹਰ ਕਰਨਾ ਹੈ।

ਉਦਾਹਰਣ: ਦੋ ਇਮਾਰਤਾਂ ਦੇ ਵਿਚਕਾਰ ਇੱਕ ਮਨੁੱਖ ਰੱਸੀ ਉੱਤੇ ਤੁਰਦਾ ਹੋਇਆ।
ਉਸ ਨੇ ਸਭ ਪ੍ਰਕਾਰ ਦੇ ਕਰਤੱਬ ਕੀਤੇ। ਫਿਰ ਇੱਕ ਠੇਲੇ ਨੂੰ ਲਿਆਇਆ ਅਤੇ ਪੁੱਛਿਆ "ਕੌਣ ਸੋਚਦਾ ਹੈ ਕਿ ਮੈਂ ਇਸ ਠੇਲੇ ਨੂੰ ਦੂਸਰੇ ਪਾਸੇ ਲਿਜਾ ਸਕਦਾ ਹਾਂ?" ਬਹੁਤ ਸਾਰੇ ਲੋਕਾਂ ਨੇ ਆਪਣੇ ਹੱਥ ਖੜ੍ਹੇ ਕੀਤੇ। ਉਸ ਨੇ ਕਿਹਾ "ਫਿਰ ਆਓ ਅਤੇ ਠੇਲੇ ਵਿੱਚ ਬੈਠੋ"। ਹੱਥ ਹੇਠਾਂ ਹੋ ਗਏ।

ਉਹ ਜਿਨ੍ਹਾਂ ਨੇ ਹੱਥ ਖੜ੍ਹੇ ਕੀਤੇ:

1. ਸੱਚਾ ਵਿਸ਼ਵਾਸ ਕੀਤਾ > ਸਦੀਪਕ ਜੀਵਨ > ਮੁਕਤੀਦਾਤਾ

ਉਹ ਜਿਹੜੇ ਉਸ ਦੇ ਠੇਲੇ ਵਿੱਚ ਬੈਠੇ: (ਠੇਲਾ = ਪਰਮੇਸ਼ੁਰ ਦਾ ਰਾਜ)

2. ਸਮਰਪਣ > ਖੁਸ਼ਹਾਲ ਜੀਵਨ > ਪਰਮੇਸ਼ੁਰ

ਉਸ ਦੇ ਠੇਲੇ ਵਿੱਚ ਜਾਣ ਦਾ ਅਰਥ ਹੈ:

- ਆਪਣੇ ਵਿਚਾਰਾਂ ਨੂੰ ਛੱਡ ਕੇ ਉਸ ਦੇ ਵਿਚਾਰਾਂ ਨੂੰ ਅੱਗੇ ਰੱਖਣਾ।
- ਆਪਣੇ ਜੀਵਨ ਦੇ ਰਾਹ ਅਤੇ ਚੀਜ਼ਾਂ ਨੂੰ ਕਰਨ ਦੇ ਆਪਣੇ ਢੰਗ ਨੂੰ ਛੱਡਣਾ।
- ਆਪਣੀਆਂ ਤਰਜੀਹਾਂ ਨੂੰ ਬਦਲਣਾਂ

- ਉਸ ਦੀ ਕੀਮਤੀ ਪ੍ਰਣਾਲੀ ਨੂੰ ਗ੍ਰਹਿਣ ਕਰਨਾ
- "ਤਿਆਗਣ" ਲਈ ਅਤੇ ਉਸ ਵਿੱਚ "ਪਾਉਣ" ਲਈ ਵਿਸ਼ਵਾਸ ਦੀ ਲੋੜ ਹੈ
- ਤੁਹਾਡੇ ਮਨ ਦੇ ਵਿੱਚ ਇੱਕ ਸੰਘਰਸ਼ ਸ਼ੁਰੂ ਹੁੰਦਾ ਹੈ।

ਮੱਤੀ 7:13-14 **ਭੀੜੇ ਫਾਟਕ ਤੋਂ ਵੜੋ** ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ (ਜਿਹੜੇ ਪਾਸੇ ਵਾਲੇ ਰਾਹ ਉੱਤੇ ਚੱਲਦੇ ਹਨ) ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। ਅਤੇ ਭੀੜਾ (ਰੱਸੀ) ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।

**ਲੂਕਾ 9:59-62** ਉਸ ਨੇ ਹੋਰ ਦੂਜੇ ਨੂੰ ਆਖਿਆ ਕਿ ਮੇਰੇ ਪਿੱਛੇ ਤੁਰਿ ਆ ਪਰ ਉਹ ਨੇ ਕਿਹਾ, ਪ੍ਰਭੂ ਜੀ ਮੈਨੂੰ ਆਗਿਆ ਦਿਓ ਜੋ **ਪਹਿਲਾਂ** ਜਾ ਕੇ ਆਪਣੇ ਪਿਉ ਨੂੰ ਦੱਬਾਂ। (60) ਉਸ ਨੇ ਉਹ ਨੂੰ ਆਖਿਆ, ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ **ਪਰਮੇਸ਼ੁਰ ਦੇ ਰਾਜ** ਦੀ ਖਬਰ ਸੁਣਾ। (61) ਅਤੇ ਇੱਕ ਹੋਰ ਬੋਲਿਆ, ਪ੍ਰਭੂ ਜੀ, ਮੈਂ ਤੁਹਾਡੇ ਲੜ ਲੱਗਾਂਗਾ **ਪਰ ਪਹਿਲਾਂ** ਮੈਨੂੰ ਆਗਿਆ ਦਿਓ ਜੋ ਆਪਣੇ ਘਰ ਦਿਆਂ ਲੋਕਾਂ ਤੋਂ ਵਿਦਿਆ ਹੋ ਆਵਾਂ। (62) ਪਰ ਯਿਸੂ ਨੇ ਉਹ ਨੂੰ ਆਖਿਆ, ਜੇ ਕੋਈ ਆਪਣਾ ਹੱਥ ਹਲ ਤੇ ਰੱਖ ਕੇ ਪਿਛਾਹਾਂ ਨੂੰ ਵੇਖੇ ਤਾਂ ਉਹ **ਪਰਮੇਸ਼ੁਰ ਦੇ ਰਾਜ** ਦੇ ਜੋਗ ਨਹੀਂ।

- ➢ ਜੇਕਰ ਯਿਸੂ ਪ੍ਰਭੂ ਹੈ, ਤਾਂ **ਜ਼ਰੂਰੀ ਹੈ** ਕਿ ਉਹ ਤੁਹਾਡੇ ਜੀਵਨ ਵਿੱਚ **ਪਹਿਲਾ ਸਥਾਨ** ਪਾਵੇ।

- ➢ **ਜ਼ਰੂਰੀ ਹੈ** ਕਿ ਉਹ ਹਰੇਕ ਦੂਸਰੇ ਪਿਆਰ / ਹਰੇਕ ਦੂਸਰੀ ਵਫ਼ਾਦਾਰੀ / ਹਰੇਕ ਟੀਚੇ / ਹਰੇਕ ਇੱਛਾ / ਹਰੇਕ ਸੁਫ਼ਨੇ ਤੋਂ ਉੱਪਰ ਹੋਵੇ।

- ➢ ਉਹ ਹਰੇਕ ਚੀਜ਼ ਵਿੱਚ ਪਹਿਲਾ ਹੋਣਾ **ਚਾਹੀਦਾ ਹੈ।**

- ➢ ਨਹੀਂ ਤਾਂ ਉਹ ਸੱਚਮੁੱਚ ਤੁਹਾਡੇ ਜੀਵਨ ਦਾ ਪ੍ਰਭੂ ਨਹੀਂ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕੀ ਆਖਦੇ ਹੋ।

ਲੂਕਾ 6:46 **ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?**

ਉਦਾਹਰਣਾਂ:

- ਨੂਹ – ਧਰਮੀ ਸੀ (ਉਤਪਤ 6:8-9) ਆਗਿਆਕਾਰੀ ਕੀਤੀ ਅਤੇ ਆਪਣੇ ਪਰਿਵਾਰ ਨੂੰ ਬਚਾਇਆ।
  ਇਬਰਾਨੀਆਂ 11:7
- ਮੂਸਾ – ਪੱਥਰ ਨੂੰ ਅਵਾਜ਼ ਦੇਣ ਲਈ ਆਖਿਆ ਗਿਆ ਸੀ। ਅਣ-ਆਗਿਆਕਾਰੀ ਕੀਤੀ ਅਤੇ ਇਸ ਨੂੰ ਮਾਰਿਆ। (ਗਿਣਤੀ 20:8-12)

ਉਸ ਨੂੰ ਵਾਅਦਾ ਕੀਤੇ ਹੋਏ ਦੇਸ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਜੋ ਕਿ ਪਰਮੇਸ਼ੁਰ ਦੇ ਰਾਜ ਦੀ ਇੱਕ ਕਿਸਮ ਹੈ

**ਇਹ ਸਾਨੂੰ ਇੱਕ ਸਬਕ ਸਿਖਾਉਣ ਲਈ ਸੀ!** 1 ਕੁਰਿੰਥੀਆਂ 10:1-13

- ਲੂਤ – ਸਦੂਮ ਦੇ ਵਿੱਚ ਰਹਿਣਾ ਚੁਣਿਆ – ਉਸ ਦਾ ਫੈਸਲਾ / ਉਸ ਦੀ ਤਰਜੀਹ -> ਆਪਣੇ ਪਰਿਵਾਰ ਨੂੰ ਨਾਸ ਕੀਤਾ। (2 ਪਤਰਸ 2:7-8)
- ਅਬਰਾਹਾਮ – ਦੂਸਰੀ ਔਰਤ ਨਾਲ ਸਬੰਧ ਬਣਾ ਕੇ ਇਸ਼ਮਾਏਲ ਨੂੰ ਪ੍ਰਾਪਤ ਕੀਤਾ। (ਉਤਪਤ 16:2-4) ਇਸ ਫੈਸਲੇ ਨੇ ਇਸ ਦਿਨ ਤੱਕ ਉਸ ਦੇ ਪਰਿਵਾਰ ਨੂੰ ਵੱਡਾ ਨੁਕਸਾਨ ਪਹੁੰਚਾਇਆ।

- ਸ਼ਾਊਲ – ਉਸ ਦੀ ਅਣ-ਆਗਿਆਕਾਰੀ ਅਤੇ ਬਗਾਵਤ ਦੀ ਕੀਮਤ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਭਰਨੀ ਪਈ। (1 ਸਮੂਏਲ 15:22-23)

- **ਪਤਰਸ ਲੂਕਾ 5:1-11**

(1) ਐਉਂ ਹੋਇਆ ਕਿ ਜਾਂ ਲੋਕ ਉਹ ਦੇ ਉੱਤੇ ਡਿੱਗਦੇ ਅਤੇ ਪਰਮੇਸ਼ੁਰ ਦਾ ਬਚਨ ਸੁਣਦੇ ਸਨ ਤਾਂ ਉਹ ਗਨੇਸਰਤ ਦੀ ਝੀਲ ਦੇ ਕੰਢੇ ਖੜਾ ਸੀ।

(2) ਅਤੇ ਉਹ ਨੇ ਝੀਲ ਦੇ ਕੰਢੇ ਦੋ ਬੇੜੀਆਂ ਲੱਗੀਆਂ ਹੋਈਆਂ ਵੇਖੀਆਂ ਪਰ ਮਾਛੀ ਉਨ੍ਹਾਂ ਵਿੱਚੋਂ ਨਿੱਕਲ ਕੇ ਆਪਣੇ ਜਾਲਾਂ ਨੂੰ ਧੋ ਰਹੇ ਸਨ।

- ਮੈਂ ਮੰਨਦਾ ਹਾਂ ਕਿ ਸ਼ਮਊਨ ਅਤੇ ਉਸ ਦੇ ਸਾਥੀ ਆਪਣੇ ਜਾਲਾਂ ਨੂੰ ਧੋਂਦੇ ਹੋਏ ਇਸ ਪ੍ਰਚਾਰਕ ਨੂੰ ਵੇਖ ਰਹੇ ਸਨ।

- ਅਤੇ ਫਿਰ – ਘੱਟੋ ਘੱਟ ਵੱਡੀ ਚਿੰਤਾ ਨਾਲ – ਉਨ੍ਹਾਂ ਨੇ ਇਸ ਪ੍ਰਚਾਰਕ ਨੂੰ ਵੇਖਿਆ – ਮਗਰ ਭੀੜ ਸੀ – ਉਨ੍ਹਾਂ ਦੀਆਂ ਬੇੜੀਆਂ ਵੱਲ ਆਉਂਦੇ ਹੋਏ।

(3) ਉਸ ਨੇ ਉਨ੍ਹਾਂ ਬੇੜੀਆਂ ਵਿੱਚੋਂ ਇੱਕ ਤੇ ਜੋ **ਸ਼ਮਊਨ ਦੀ** ਸੀ ਚੜ੍ਹ ਕੇ ਉਸ ਤੋਂ ਚਾਹਿਆ ਜੋ ਕੰਢਿਓਂ ਰਤੀਕੁ ਹਟਾ ਲੈ ਤਾਂ ਉਹ ਬੈਠ ਕੇ ਬੇੜੀ ਉੱਤੋਂ ਲੋਕਾਂ ਨੂੰ ਉਪਦੇਸ਼ ਦੇਣ ਲੱਗਾ।

- ਹੁਣ ਸ਼ਮਊਨ ਬਹੁਤ ਥੱਕਿਆ ਹੋਇਆ, ਮੈਲਾ, ਭੁੱਖਾ ਸੀ ਅਤੇ ਖਿੱਝਿਆ ਹੋਇਆ ਸੀ ਕਿ ਉਨ੍ਹਾਂ ਨੇ ਕੋਈ ਮੱਛੀ ਨਹੀਂ ਫੜ੍ਹੀ ਸੀ ਅਤੇ ਇਹ ਪ੍ਰਚਾਰਕ ਉਸ ਨੂੰ ਸੇਵਾ ਕਰਨ ਲਈ ਆਖ ਰਿਹਾ ਸੀ। ਸ਼ਮਊਨ ਨੇ ਇੱਕ ਫੈਸਲਾ ਕਰਨਾ ਸੀ।

- ਹੁਣ ਉਸ ਕੋਲ ਪ੍ਰਚਾਰਕ ਦੇ ਲੋਕਾਂ ਨਾਲ ਗੱਲਾਂ ਕਰਦੇ ਹੋਏ ਬੇੜੀ ਨੂੰ ਖੜ੍ਹਾ ਕੇ ਰੱਖਣ ਲਈ ਹੋਰ ਕੰਮ ਸੀ। ਤੀਹ ਮਿੰਟ, ਇੱਕ ਘੰਟਾ, ਦੋ ਘੰਟੇ?

- ਸ਼ਾਇਦ ਉਸ ਨੇ ਮਹਿਸੂਸ ਕੀਤਾ ਕਿ ਉਸ ਕੋਲ ਯਿਸੂ ਨੂੰ ਸਿਖਾਉਂਦੇ ਹੋਏ ਵੇਖਣ ਅਤੇ ਧਿਆਨ ਨਾਲ ਸੁਣਨ ਦਾ ਇੱਕ ਛੋਟਾ ਜਿਹਾ ਮੌਕਾ ਹੈ। ਇਹ ਪੌਲੁਸ ਦਾ ਸੇਵਾ ਦਾ ਪਹਿਲਾ ਕੰਮ ਸੀ ਭਾਵੇਂ ਕਿ ਉਸ ਦਾ ਰਵੱਈਆ ਸ਼ਾਇਦ ਸਹੀ ਨਹੀਂ ਸੀ। ਉਸ ਨੇ ਬਚਨ ਨੂੰ ਸੁਣਿਆ।

- ਕੀ ਤੁਹਾਨੂੰ ਯਾਦ ਹੈ ਕਿ ਯਿਸੂ ਕਦੋਂ ਤੁਹਾਡੇ ਜੀਵਨ ਵਿੱਚ ਪਹਿਲੀ ਵਾਰੀ ਆਇਆ?

(4) ਜਾਂ ਉਹ ਬਚਨ ਕਰ ਹਟਿਆ ਤਾਂ ਸ਼ਮਊਨ ਨੂੰ ਕਿਹਾ ਭਈ ਡੂੰਘੇ ਪਾਣੀ ਵਿੱਚ ਲੈ ਚੱਲੋ ਅਤੇ ਸ਼ਿਕਾਰ ਲਈ ਆਪਣੇ ਜਾਲ ਪਾਓ।

- ਹੁਣ ਸ਼ਮਊਨ ਨੂੰ "ਹੋਰ ਅੱਗੇ" ਜਾਣ ਲਈ ਆਖਿਆ ਗਿਆ। ਕੀ ਤੁਸੀਂ ਉਸ ਦੇ ਚਿਹਰੇ ਦੇ ਪ੍ਰਭਾਵਾਂ ਦੀ ਕਲਪਨਾ ਕਰ ਸਕਦੇ ਹੋ?

- ਸ਼ਮਊਨ ਇੱਕ ਨਿਪੁੰਨ ਮਛੇਰਾ ਸੀ – ਉਨ੍ਹਾਂ ਨੇ ਸਾਰੀ ਰਾਤ ਕੰਮ ਕੀਤਾ ਅਤੇ ਕੁਝ ਵੀ ਨਹੀਂ ਫੜ੍ਹਿਆ . . . ਅਤੇ ਇਹ ਪ੍ਰਚਾਰਕ ਮੱਛੀਆਂ ਫੜ੍ਹਨ ਬਾਰੇ ਕੀ ਜਾਣਦਾ ਸੀ ਜੋ ਉਸ ਨੂੰ ਦੁਬਾਰਾ ਜਾਣ ਲਈ ਆਖੇ?

- ਇਹ ਪੂਰੀ ਤਰ੍ਹਾਂ ਨਾਲ ਉਸ ਦੇ ਵਿਰੁੱਧ ਸੀ ਜੋ ਸ਼ਮਊਨ ਦਾ ਦਿਮਾਗ ਉਸ ਨੂੰ ਦੱਸ ਰਿਹਾ ਸੀ।

- ਕੀ ਤੁਹਾਨੂੰ ਕਦੇ ਪਵਿੱਤਰ ਆਤਮਾ ਨੇ ਕੋਈ ਕੰਮ ਕਰਨ ਲਈ ਆਖਿਆ ਹੈ ਅਤੇ ਤੁਹਾਡਾ ਮਨ ਤੁਹਾਨੂੰ ਇਹ ਆਖਦਾ ਸੀ: "ਇਹ ਸਹੀ ਨਹੀਂ ਹੈ – ਇਹ ਕੰਮ ਨਹੀਂ ਕਰੇਗਾ – ਇਸ ਨਾਲੋਂ ਬੇਹਤਰ ਰਾਸਤਾ ਹੈ"।

(5) ਸ਼ਮਊਨ ਨੇ ਉੱਤਰ ਦਿੱਤਾ ਕਿ **ਸੁਆਮੀ ਜੀ** ਅਸਾਂ ਸਾਰੀ ਰਾਤ ਮਿਹਨਤ ਕੀਤੀ ਪਰ ਕੁਝ ਨਾ ਫੜਿਆ **ਤਦ ਵੀ ਤੇਰੇ ਆਖਣ ਨਾਲ ਜਾਲ ਪਾਵਾਂਗਾ।**

- ਸ਼ਬਦ "ਮਾਲਕ" ਯੂਨਾਨੀ ਸ਼ਬਦ ਹੈ ਜਿਸ ਦਾ ਅਰਥ ਹੈ "ਸਾਨੂੰ ਸਿਖਾਉਣ ਵਾਲਾ"।

- ਇਸ ਸਮੇਂ ਸ਼ਮਊਨ ਨੇ ਯਿਸੂ ਨੂੰ ਕੇਵਲ ਇੱਕ ਸਿੱਖਿਆ ਦੇਣ ਵਾਲਾ ਸਮਝਿਆ।

- ਹਾਲਾਂਕਿ ਉਸ ਨੇ ਸਿੱਖਿਆ ਦੇਣ ਵਾਲੇ ਦੀ ਆਗਿਆ ਮੰਨਣ ਦਾ ਚੰਗਾ ਫੈਸਲਾ ਲਿਆ।

- ਜੇਕਰ ਯਿਸੂ ਪ੍ਰਭੂ ਹੈ ਤਾਂ ਸਾਡਾ ਜਵਾਬ ਹਮੇਸ਼ਾ ਇਹ ਹੋਵੇਗਾ: "ਤੇਰੇ ਆਖਣ ਨਾਲ ਮੈਂ ਕਰਾਂਗਾ"

  ਤੇਰਾ ਰਾਜ ਆਵੇ . . . ਕਿਵੇਂ? . . . ਤੇਰੀ ਮਰਜ਼ੀ ਪੂਰੀ ਹੋਵੇ

- ਉਸ ਦੀ ਪ੍ਰੇਰਣਾ ਇਸ ਕਾਰਨ ਹੋ ਸਕਦੀ ਹੈ ਕਿਉਂਕਿ ਸਾਰੇ ਲੋਕ ਵੇਖ ਰਹੇ ਸਨ।

(6) ਜਾਂ ਉਨ੍ਹਾਂ ਇਹ ਕੀਤਾ ਤਾਂ **ਬਹੁਤ ਸਾਰੀਆਂ ਮੱਛੀਆਂ** ਘੇਰ ਲਈਆਂ ਅਤੇ ਉਨ੍ਹਾਂ ਦੇ ਜਾਲ ਟੁੱਟਣ ਲੱਗੇ। (7) ਤਦ ਉਨ੍ਹਾਂ ਆਪਣੇ ਸਾਂਝੀਆਂ ਨੂੰ ਜਿਹੜੇ ਦੂਜੀ ਬੇੜੀ ਉੱਤੇ ਸਨ ਸੈਨਤ ਕੀਤੀ ਜੋ ਆਣ ਕੇ ਸਾਡੀ ਮੱਦਤ ਕਰੋ। ਸੋ ਓਹ ਆਏ ਅਰ **ਦੋਵੇਂ ਬੇੜੀਆਂ ਅਜੇਹੀਆਂ ਭਰ ਲਈਆਂ ਜੋ ਡੁੱਬਣ ਲੱਗੀਆਂ।**

- ਮੱਤੀ 6:33 ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

- ਕਹਾਉਤਾਂ 10:22 ਯਹੋਵਾਹ ਦੀ ਬਰਕਤ ਧਨੀ ਬਣਾਉਂਦੀ ਹੈ, ਅਤੇ ਉਸ ਦੇ ਨਾਲ ਉਹ ਸੋਗ ਨਹੀਂ ਮਿਲਾਉਂਦਾ।

- ਜਦੋਂ ਤੁਸੀਂ **ਪਰਮੇਸ਼ੁਰ ਦੀ ਆਗਿਆ ਮੰਨਦੇ** ਅਤੇ **ਸੇਵਾ ਕਰਦੇ** ਹੋ ਤਾਂ **ਵੱਡੀਆਂ ਬਰਕਤਾਂ** ਆਉਂਦੀਆਂ ਹਨ।

(8) ਸ਼ਮਊਨ ਪਤਰਸ ਇਹ ਵੇਖ ਕੇ ਯਿਸੂ ਦੇ ਪੈਰੀਂ ਪਿਆ ਅਤੇ ਬੋਲਿਆ, **ਪ੍ਰਭੂ** ਜੀ ਮੇਰੇ ਕੋਲੋਂ ਚੱਲਿਆ ਜਾਹ ਕਿਉਂ ਜੋ ਮੈਂ ਪਾਪੀ ਬੰਦਾ ਹਾਂ।

(9) ਐਨੀਆਂ ਮੱਛੀਆਂ ਫੜਨ ਕਰਕੇ ਉਹ ਅਤੇ ਉਹ ਦੇ ਨਾਲ ਦੇ ਸੱਭੇ ਹੈਰਾਨ ਹੋਏ।

- ਇਸ ਚਮਤਕਾਰ ਅਤੇ ਅਧਿਕਾਰ ਨੂੰ ਵੇਖਣ ਤੋਂ ਬਾਅਦ, ਸ਼ਮਊਨ ਨੇ ਜਾਣਿਆ ਕਿ **ਉਹ** ਇੱਕ ਸਿੱਖਿਆ ਦੇਣ ਵਾਲੇ ਨਾਲੋਂ **ਵਧਕੇ ਹੈ** ਅਤੇ ਹੁਣ:
  - **ਉਸ ਨੂੰ ਪ੍ਰਭੂ ਕਰਕੇ ਬੁਲਾਉਂਦਾ ਹੈ**
  - ਅਤੇ ਆਪਣੀ ਅਯੋਗਤਾ ਅਤੇ ਆਪਣੇ ਪਾਪ ਦੇ ਕਾਰਨ ਅਪਰਾਧੀ ਠਹਿਰਿਆ ਹੋਇਆ ਹੈ।

ਪਰਮੇਸ਼ੁਰ ਦਾ ਰਾਜ = ਪਰਮੇਸ਼ੁਰ ਦੀ ਸਰਕਾਰ

ਉਹ ਖੇਤਰ ਜਿਸ ਵਿੱਚ ਰਾਜਾ ਦੀ ਆਗਿਆ ਮੰਨੀ ਜਾਂਦੀ ਹੈ = ਦੇਹ ਦੇ ਦੁਆਰਾ ਵੀ

ਜਦੋਂ ਅਸੀਂ ਯਿਸੂ ਨੂੰ **ਹਾਂ** ਆਖਦੇ ਹਾਂ ਅਤੇ **ਉਸ ਦੀ ਆਗਿਆ ਮੰਨਦੇ ਹਾਂ**, ਤਾਂ ਉਹ ਸਾਡਾ ਕੇਵਲ ਮੁਕਤੀਦਾਤਾ ਹੀ ਨਹੀਂ ਹੈ ਸਗੋਂ ਮੁਕਤੀਦਾਤਾ **ਅਤੇ ਪ੍ਰਭੂ** ਹੈ !

(10) ਅਤੇ ਇਸੇ ਤਰਾਂ ਜ਼ਬਦੀ ਦੇ ਪੁੱਤਰ ਯਾਕੂਬ ਅਤੇ ਯੂਹੰਨਾ ਵੀ ਜੋ ਸ਼ਮਊਨ ਦੇ ਸਾਂਝੀ ਸਨ ਹੈਰਾਨ ਹੋਏ। ਤਦ ਯਿਸੂ ਨੇ ਸ਼ਮਊਨ ਨੂੰ ਆਖਿਆ, ਨਾ ਡਰ, ਏਦੋਂ ਅੱਗੇ ਤੂੰ ਮਨੁੱਖਾਂ ਦਾ ਸ਼ਿਕਾਰੀ ਹੋਵੇਂਗਾ।

- ਸ਼ਮਊਨ ਨੂੰ ਹੋਰ ਜ਼ਿਆਦਾ ਕੀਮਤੀ ਚੀਜ਼ਾਂ ਦਾ ਸ਼ਿਕਾਰ ਕਰਨ ਲਈ **ਚੁਣਿਆ** ਅਤੇ **ਬੁਲਾਇਆ** ਗਿਆ ਸੀ।

- ਤੁਸੀਂ ਵੀ – ਤੁਹਾਡਾ ਕੰਮ ਦਾ ਵੀ -> ਇੱਕ ਉੱਚ ਮਕਸਦ ਅਤੇ ਬਹੁਤ ਜ਼ਿਆਦਾ ਕੀਮਤੀ ਟੀਚਾ ਹੈ -> ਸਵਰਗ ਵਿੱਚ ਖਜ਼ਾਨਾ ਇਕੱਠਾ ਕਰਨ ਲਈ।

(11) ਤਦ ਓਹ ਆਪਣੀਆਂ ਬੇੜੀਆਂ ਕੰਢੇ ਲਿਆਏ ਅਤੇ **ਸੱਭੋ ਕੁਝ ਛੱਡ ਕੇ ਉਹ ਦੇ ਮਗਰ ਹੋ ਤੁਰੇ।**

- ਯਿਸੂ ਉਨ੍ਹਾਂ ਦੇ ਜੀਵਨਾਂ / ਬੇੜੀਆਂ ਵਿੱਚ ਆਇਆ ਸੀ – ਬਚਨ ਸਿਖਾਇਆ – ਆਪਣੇ ਅਧਿਕਾਰ ਨੂੰ ਪਰਗਟ ਕੀਤਾ – ਅਤੇ ਹੁਣ ਉਹ ਆਪਣੀਆਂ ਬੇੜੀਆਂ / ਕੰਮ ਛੱਡ ਕੇ ਯਿਸੂ ਦੇ ਮਗਰ ਹੋ ਤੁਰੇ।

- ਉਨ੍ਹਾਂ ਨੇ ਆਪਣੀਆਂ ਬੇੜੀਆਂ ਅਤੇ ਕੰਮ ਨੂੰ ਉਸ ਦੇ "ਇੱਕ ਪਹੀਏ ਵਾਲੇ ਠੇਲੇ" ਲਈ ਛੱਡ ਦਿੱਤਾ ਅਤੇ ਉਨ੍ਹਾਂ ਦੀ ਜੋ ਵੀ ਜ਼ਰੂਰਤ ਸੀ ਉਸ ਲਈ ਮੁਹੱਈਆ ਕਰਾਇਆ ਗਿਆ ਸੀ।

- ਸ਼ਮਊਨ ਦੀਆਂ ਤਰਜੀਹਾਂ ਅਤੇ ਕੀਮਤਾਂ ਬਦਲ ਗਈਆਂ ਸਨ।

ਪਰਮੇਸ਼ੁਰ ਦਾ ਰਾਜ = ਪਰਮੇਸ਼ੁਰ ਦੀ ਸਰਕਾਰ

ਉਹ ਖੇਤਰ ਜਿੱਥੇ ਰਾਜਾ ਦੀ ਆਗਿਆ ਮੰਨੀ ਜਾਂਦੀ ਹੈ

ਜਦੋਂ ਅਸੀਂ ਯਿਸੂ ਨੂੰ "**ਹਾਂ"** ਆਖਦੇ ਹਾਂ ਅਤੇ **ਉਸ ਦੀ ਆਗਿਆ ਮੰਨਦੇ ਹਾਂ**, ਤਾਂ ਉਹ ਕੇਵਲ ਸਾਡਾ ਮੁਕਤੀਦਾਤਾ ਨਹੀਂ ਹੈ ਸਗੋਂ ਮੁਕਤੀਦਾਤਾ **ਅਤੇ ਪ੍ਰਭੂ** ਹੈ ਜਾਂ **ਰਾਜਾ** ਹੈ।

ਅਤੇ ਅਸੀਂ ਪਰਮੇਸ਼ੁਰ ਦੇ ਰਾਜ ਦੀਆਂ ਸਾਰੀਆਂ ਬਰਕਤਾਂ ਦਾ ਅਨੰਦ ਮਾਣਦੇ ਹਾਂ

ਪਹਿਲਾਂ ਪਰਮੇਸ਼ੁਰ ਦੇ ਰਾਜ ਦੀ ਭਾਲ ਕਰਨਾ - ਇਹ ਆਖਣਾ ਹੈ:

## ਪਾਪ ਨੂੰ "ਨਾਂਹ" ਅਤੇ ਯਿਸੂ ਨੂੰ "ਹਾਂ"

## ਇਹ ਸਾਡਾ ਫੈਸਲਾ ਹੈ

ਜਦੋਂ ਸ਼ਤਾਨ ਨੇ ਯਿਸੂ ਦੇ ਵਿਰੁੱਧ ਸਲੀਬ ਉੱਤੇ ਚੜ੍ਹਾਉਣ ਦਾ ਫੈਸਲਾ ਪ੍ਰਾਪਤ ਕੀਤਾ

- ਮੈਂ ਸੋਚਦਾ ਹਾਂ ਕਿ ਉਹ ਅਨੰਦ ਦੇ ਕਾਰਨ ਉੱਛਲਿਆ ਅਤੇ ਚੀਕਿਆ ਹੋਵੇਗਾ।
- ਅਤੇ ਜਦੋਂ ਸਿਪਾਹੀਆਂ ਨੇ ਉਸ ਨੂੰ ਕੋੜ੍ਹੇ ਮਾਰਨੇ ਸ਼ੁਰੂ ਕੀਤੇ, ਤਾਂ ਉਸ ਨੇ ਉਨ੍ਹਾਂ ਵਿੱਚ ਬਹੁਤ ਜ਼ਿਆਦਾ, ਵਧਦੀ ਜ਼ਾਲਮਤਾ ਅਤੇ ਦਯਾਹੀਣਤਾ ਪਾ ਦਿੱਤੀ।
- ਬਦਲੇ ਦਾ ਇੱਕ ਮੌਕਾ ਜਿਸ ਦੀ ਸ਼ਤਾਨ ਕਈ ਸਦੀਆਂ ਤੋਂ ਉਡੀਕ ਕਰ ਰਿਹਾ ਸੀ।
- ਅਖੀਰ ਉਸ ਨੇ ਆਪਣੇ ਦੁਸ਼ਟ ਵਿਰੋਧ ਉੱਤੇ ਜਿੱਤ ਪਾ ਲਈ। ਸ਼ਤਾਨ ਆਪਣੇ ਹਥਿਆਰ ਪਾਪ ਦੁਆਰਾ, ਜਾਪਦਾ ਸੀ ਕਿ ਜਿੱਤ ਗਿਆ ਹੈ।

ਹਾਲਾਂਕਿ ਜੀ ਉੱਠਣ ਨੇ ਸਭ ਕੁਝ ਉਲਟਾ ਕਰ ਦਿੱਤਾ ਅਤੇ ਮੌਤ ਦੇ ਦੁਆਰਾ ਯਿਸੂ ਨੇ ਸ਼ਤਾਨ, ਪਾਪ ਅਤੇ ਮੌਤ ਉੱਤੇ ਜਿੱਤ ਪਾ ਲਈ।

- ਇਬਰਾਨੀਆਂ 2:14 **ਮੌਤ** ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ।
- ਜਦੋਂ ਤੁਸੀਂ "ਆਪਣੀ ਸਲੀਬ ਚੁੱਕਦੇ ਹੋ" -> ਆਪਣੇ ਆਪ ਦੀ ਮੌਤ, ਤੁਸੀਂ ਸ਼ਤਾਨ ਨੂੰ ਸਮਰੱਥਾਹੀਣ ਵੀ ਪੇਸ਼ ਕਰਦੇ ਹੋ!

ਅਤੇ ਯਿਸੂ ਨੇ ਉਹ ਜਿੱਤ ਸਾਨੂੰ ਦਿੱਤੀ ਹੈ

- ਰੋਮੀਆਂ 16:20 ਅਰ ਸ਼ਾਂਤੀ ਦਾਤਾ ਪਰਮੇਸ਼ੁਰ ਸ਼ਤਾਨ ਨੂੰ ਝਬਦੇ ਤੁਹਾਡੇ ਪੈਰਾਂ ਦੇ ਹੇਠ ਮਿੱਧੇਗਾ।

ਪਰ ਸਾਡੇ ਵਿੱਚੋਂ ਕੋਈ ਇਸ ਜਿੱਤ ਤੋਂ ਲਾਂਭੇ ਮੁੜਦਾ ਹੈ

- ਯਿਸੂ ਨੂੰ "ਨਾਂਹ" ਆਖਣ ਅਤੇ "ਪਾਪ ਨੂੰ ਹਾਂ" ਆਖਣ ਦੁਆਰਾ
- ਅਤੇ ਪਰਮੇਸ਼ੁਰ ਦੇ ਰਾਜ ਵਿੱਚੋਂ ਬਾਹਰ ਨਿੱਕਲਦਾ ਹੈ।
- ਅਤੇ ਮੁੜ ਅੰਧਕਾਰ ਦੇ ਰਾਜ ਵਿੱਚ ਦਾਖਲ ਹੁੰਦਾ ਹੈ

ਸ਼ਤਾਨ ਫਿਰ ਖੁਸ਼ੀ ਨਾਲ ਚੀਕਦਾ ਹੈ ਜਦੋਂ ਕੋਈ ਵਿਅਕਤੀ ਉਸ ਦੇ ਮਗਰ ਚੱਲਦਾ ਹੈ, ਉਸ ਨੂੰ ਸਮਰੱਥਾ ਦਿੰਦਾ ਹੈ ਅਤੇ ਉਸ ਨੂੰ ਪਰਮੇਸ਼ੁਰ ਦੇ ਬੱਚੇ ਕੋਲੋਂ ਚੁਰਾਉਣ ਅਤੇ ਨਾਸ ਕਰਨ ਦੀ ਇਜਾਜ਼ਤ ਦਿੰਦਾ ਹੈ।

"ਦੁਸ਼ਟ" ਲਈ ਮਿੱਠਾ ਬਦਲਾ।

ਫੈਸਲਾ ਤੁਹਾਡਾ ਹੈ:

- ਬਰਕਤ ਜਾਂ ਵਿਨਾਸ ?
- ਜੇਤੂ ਜੀਵਨ ਜਾਂ ਹਾਰਿਆ ਹੋਇਆ ਜੀਵਨ ?
- ਦੁਸ਼ਟ ਤੁਹਾਨੂੰ ਛੂਹ ਨਹੀਂ ਸਕਦਾ – ਜਾਂ ਉਸ ਦੇ ਲਈ ਦਰਵਾਜ਼ਾ ਖੁੱਲ੍ਹਾ ਹੈ
- ਧਰਮ, ਸ਼ਾਂਤੀ ਅਤੇ ਅਨੰਦ – ਜਾਂ ਸਰਿਆਂ ਦੀ ਗੈਰ ਹਾਜ਼ਰੀ

ਫੈਸਲਾ ਤੁਹਾਡਾ ਹੈ
ਯਿਸੂ ਨੂੰ "ਹਾਂ" ਅਤੇ ਪਾਪ ਨੂੰ "ਨਾਂਹ" ਆਖੋ

ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ . . .
ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।
ਯਹੋਸ਼ੁਆ 24:15

ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦਾ ਦੂਸਰਾ ਭਾਗ

## ਸ਼ੇਰ ਦੀ ਗੁਫ਼ਾ ਵਿੱਚ ਰਹਿਣਾ

ਪਤਰਸ ਨੇ ਜੋ ਸਿੱਖਿਆ, ਉਹ ਸਾਡੇ ਨਾਲ ਸਾਂਝਾ ਕਰਦਾ ਹੈ: 1 ਪਤਰਸ 5:8 ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ!

ਘਾਤ ਵਿੱਚ – ਵੇਖਦਾ – ਉਡੀਕ ਕਰਦਾ – ਭਾਲਦਾ – ਕਿਸੇ ਨੂੰ

ਇਹ ਸੰਸਾਰ ਸ਼ਤਾਨ ਦੀ ਗੁਫ਼ਾ ਹੈ:

- 1 ਯੂਹੰਨਾ 5:19 ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।

- ਸ਼ਤਾਨ ਨੂੰ ਇਨ੍ਹਾਂ ਆਇਤਾਂ ਵਿੱਚ "ਇਸ ਸੰਸਾਰ ਦਾ ਸ਼ਾਸ਼ਕ" ਆਖਿਆ ਗਿਆਂ ਹੈ:
  ਯੂਹੰਨਾ 12:31; 14:30; 16:11; 2 ਕੁਰਿੰਥੀਆਂ 4:4; ਅਫਸੀਆਂ 2:2; 6:12

ਇਸ ਸੰਸਾਰ ਵਿੱਚ ਰਹਿਣਾ – ਸ਼ਤਾਨ ਅਤੇ ਉਸ ਦੇ ਭੂਤਾਂ ਨਾਲ – ਸ਼ੇਰ ਤੋਂ ਪ੍ਰਭਾਵਿਤ ਇਲਾਕੇ ਅਫਰੀਕਾ ਵਿੱਚ ਰਹਿਣ ਵਾਂਗ ਹੈ।

- ਹਰ ਪ੍ਰਕਾਰ ਦੀ ਬੁਰਿਆਈ ਤੋਂ ਦੂਰ ਰਹੋ। 1 ਥੱਸਲੁਨੀਕੀਆਂ 5:22

- ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਯੂਹੰਨਾ 10:10

**ਅਫਸੀਆਂ 4:17-5:2**
ਆਇਤ 27: ਸਾਨੂੰ ਚੇਤਾਵਨੀ ਦਿੱਤੀ ਗਈ ਹੈ – "**ਅਤੇ ਨਾ ਸ਼ਤਾਨ ਨੂੰ ਥਾਂ ਦਿਓ!**"

ਆਇਤ 17 ਅਜਿਹੀ ਚਾਲ (ਰਹਿਣਾ) ਨਾ ਚੱਲੋ ਜਿਵੇਂ ਪਰਾਈਆਂ ਕੌਮਾਂ (ਅਵਿਸ਼ਵਾਸੀ) ਵੀ ਆਪਣੀ **ਬੁੱਧ** ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ।

- ਭੀੜ ਦੇ ਮਗਰ ਨਾ ਚੱਲੋ – ਦੂਸਰਿਆਂ ਵਰਗੇ ਨਾ ਬਣੋ:

ਆਇਤ 19 ਉਨ੍ਹਾਂ ਨੇ ਸੁੰਨ ਹੋ ਕੇ **ਆਪਣੇ ਆਪ ਨੂੰ** ਲੁੱਚਪੁਣੇ ਦੇ ਹੱਥ **ਸੌਂਪ ਦਿੱਤਾ** ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ। (ਅੰਗਰੇਜ਼ੀ ਵਿੱਚ ਇਹ ਹਵਾਲਾ ਬਾਈਬਲ ਦੇ ਹੋਰ ਸੰਸਕਰਣ ਤੋਂ ਲਿਆ ਗਿਆ ਹੈ) (NLT, NIV, TLB) ਅਸ਼ਲੀਲ ਚਿੱਤਰਣ // ਵਿਭਚਾਰ // ਨਸ਼ੇ // ? //?

ਆਇਤ 22 ਭਈ **ਤੁਸੀਂ ਅਗਲੇ ਚਲਣ** ਦੀ ਉਸ ਪੁਰਾਣੀ ਇਨਸਾਨੀਅਤ ਨੂੰ **ਲਾਹ ਸੁੱਟੋ** – ਜੋ ਤੁਹਾਡਾ ਹਿੱਸਾ ਸੀ:

- ਤੁਹਾਡੇ ਵਿਸ਼ਵਾਸੀ ਬਣਨ ਤੋਂ ਪਹਿਲਾਂ
- ਭੀੜ ਦੇ ਮਗਰ ਚੱਲਦੀ ਅਤੇ "ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ"। ਧੋਖਾ ਦਿੱਤਾ

ਆਇਤ 23 **ਅਤੇ ਆਪਣੇ ਮਨ ਦੇ ਸੁਭਾਉ ਵਿੱਚ ਨਵੇਂ ਬਣੋ**

- ਤੁਹਾਨੂੰ ਆਪਣੀ ਸੋਚ ਨੂੰ ਬਦਲਣਾ ਚਾਹੀਦਾ ਹੈ।
- ਨਤੀਜਿਆਂ ਨੂੰ ਜਾਨਣਾ ਚਾਹੀਦਾ ਹੈ
- ਫੈਸਲਾ ਲੈਣਾ ਚਾਹੀਦਾ ਹੈ

ਆਇਤ 24 ਅਤੇ **ਨਵੀਂ ਇਨਸਾਨੀਅਤ** ਨੂੰ **ਪਹਿਨ ਲਓ** – ਜੋ ਤੁਹਾਡਾ ਹਿੱਸਾ ਹੈ:

- ਜਦੋਂ ਤੁਸੀਂ "ਨਵਾਂ ਜਨਮ" ਪਾਇਆ ਪਵਿੱਤਰ ਆਤਮਾ ਤੋਂ ਜਨਮ

ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ।

- ਪ੍ਰਭੂ ਯਿਸੂ ਮਸੀਹ ਅਤੇ ਉਸ ਦੇ ਰਾਹਾਂ ਅਨੁਸਾਰ ਚੱਲਦੀ ਹੈ
- ਧਾਰਮਿਕਤਾ ਅਤੇ ਪਵਿੱਤਰਤਾਈ ਵਿੱਚ ਚੱਲਦੀ ਹੈ

ਆਇਤ 25 ਇਸ ਲਈ **ਤੁਸੀਂ ਝੂਠ ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੋ**

- ਨਵੀਂ ਇਨਸਾਨੀਅਤ – ਸੱਚ ਬੋਲਦੀ ਹੈ, ਪੁਰਾਣੀ ਇਨਸਾਨੀਅਤ – ਝੂਠ ਬੋਲਦੀ ਹੈ

ਆਇਤ 26 ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ!

- ਪੁਰਾਣੀ ਇਨਸਾਨੀਅਤ – ਗੁੱਸੇ ਨੂੰ ਕਾਬੂ ਨਹੀਂ ਕਰ ਸਕਦੀ

ਅਫਸੀਆਂ 2:1-7 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ **ਪਾਪਾਂ ਦੇ ਕਾਰਨ ਮੁਰਦੇ** ਸਾਓ ਜਿਵਾਲਿਆ। (2) ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ **ਉਸ ਰੂਹ** ਦੇ ਅਨੁਸਾਰ ਅੱਗੇ ਚੱਲਦੇ ਸਾਓ **ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿੱਚ ਅਸਰ ਕਰਦੀ ਹੈ** (3) ਅਤੇ ਉਨ੍ਹਾਂ ਵਿੱਚ **ਅਸੀਂ ਵੀ ਸੱਭੇ** ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ

ਵਿੱਚ ਅੱਗੇ **ਦਿਨ ਕੱਟਦੇ ਸਾਂ** ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤਰ ਸਾਂ। (4) ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। (5) ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ **ਸਾਨੂੰ** ਮਸੀਹ ਦੇ ਨਾਲ **ਜਿਵਾਲਿਆ** (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) (6) ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ (ਦੇ ਲਹੂ) ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ (ਇਹ ਪੂਰਾ ਕੀਤਾ ਕੰਮ ਹੈ)। (7) ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿੱਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ।

2 ਕੁਰਿੰਥੀਆਂ 6:17 ਇਸ ਲਈ **ਉਨ੍ਹਾਂ ਵਿੱਚੋਂ ਨਿੱਕਲ ਆਓ**, ਅਤੇ **ਅੱਡ ਹੋਵੋ**, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ,

ਅਫਸੀਆਂ 5:1-2 ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਙੁ **ਪਰਮੇਸ਼ੁਰ ਦੀ ਰੀਸ ਕਰੋ** ਅਤੇ **ਪ੍ਰੇਮ ਨਾਲ ਚੱਲੋ** ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ . . .

- ਸੰਸਾਰਿਕ ਅਵਿਸ਼ਵਾਸੀਆਂ ਵਾਂਗ ਨਾ ਚੱਲੋ
- ਯਿਸੂ ਵਾਂਗ ਚੱਲੋ, ਪ੍ਰੇਮ ਵਿੱਚ ਚੱਲੋ

ਜਦੋਂ ਅਸੀਂ ਸ਼ਤਾਨ ਨੂੰ ਮੌਕਾ ਦਿੰਦੇ ਹਾਂ ਤਾਂ ਕੀ ਹੁੰਦਾ ਹੈ।

➢ ਸੇਰ ਕੀ ਖਾਂਦੇ ਹਨ? ਮਾਸ!

➢ ਸਰੀਰ ਦੇ ਅਨੁਸਾਰ ਚੱਲਣਾ ਸ਼ੇਰ ਤੋਂ ਪ੍ਰਭਾਵਿਤ ਇਲਾਕੇ ਅਫਰੀਕਾ ਵਿੱਚ ਇੱਕ ਅਪੰਗ ਬਾਰਾਂਸਿੰਘੇ ਦੇ ਵਾਂਗ ਹੈ।

➢ ਉਸ ਨੂੰ ਮੌਕਾ ਨਾ ਦਿਓ – ਉਹ ਬਹੁਤ ਤੇਜ਼ ਹੈ

ਉਦਾਹਰਣ: ਦਾਨੀਏਲ ਸ਼ੇਰਾਂ ਦੀ ਗੁਫ਼ਾ ਵਿੱਚ ਦਾਨੀਏਲ 6

ਦਾਨੀਏਲ 6:3–4 ਇੱਕ ਚੰਗਾ ਆਤਮਾ ਦਾਨੀਏਲ ਵਿੱਚ ਸੀ ਏਸੇ ਕਰਕੇ ਉਹ ਨੂੰ ਮਨਸਬਦਾਰਾਂ ਤੇ ਪਰਧਾਨਾਂ ਨਾਲੋਂ ਵੱਡਿਆਈ ਮਿਲੀ . . . ਅਤੇ ਰਾਜੇ ਨੇ ਚਾਹਿਆ ਭਈ ਉਹ ਨੂੰ ਸਾਰੇ ਰਾਜ ਉੱਤੇ ਮੁਖਤਿਆਰ ਕਰੇ। ਤਦ ਉਨ੍ਹਾਂ ਮਨਸਬਦਾਰਾਂ ਤੇ ਪਰਧਾਨਾਂ ਨੇ ਚਾਹਿਆ ਭਈ ਕਿਵੇਂ ਨਾ ਕਿਵੇਂ ਰਾਜ ਕਾਜ ਦੇ ਕਾਰਨ ਦਾਨੀਏਲ ਉੱਤੇ ਕੋਈ ਦੋਸ਼ ਲਾਈਏ

(7) ਰਾਜ ਦੇ ਸਾਰੇ ਪਰਧਾਨਾਂ, ਦੀਵਾਨਾਂ, ਮਨਸਬਦਾਰਾਂ, ਸਲਾਹਕਾਰਾਂ ਤੇ ਸਰਦਾਰਾਂ ਨੇ ਆਪੋ ਵਿੱਚ ਸਲਾਹ ਕੀਤੀ ਹੈ ਕਿ ਇੱਕ ਸ਼ਾਹੀ ਬਿਧੀ ਠਹਿਰਾਈ ਜਾਵੇ ਅਤੇ ਮਨਾਹੀ ਦਾ ਇੱਕ ਪੱਕਾ ਕਨੂੰਨ ਬਣਾਇਆ ਜਾਵੇ ਭਈ ਜਿਹੜਾ ਕੋਈ ਤੀਹਾਂ ਦਿਹਾੜਿਆਂ ਤੀਕ ਤੁਹਾਥੋਂ ਬਾਝ, ਹੇ ਰਾਜਨ, **ਕਿਸੇ** ਦਿਓਤੇ ਯਾ ਮਨੁੱਖ **ਅੱਗੇ ਬੇਨਤੀ ਕਰੇ** ਸੋ ਸ਼ੇਰਾਂ ਦੇ ਘੁਰੇ ਵਿੱਚ ਸੁੱਟਿਆ ਜਾਵੇ।

(10) ਜਦ ਦਾਨੀਏਲ ਨੂੰ ਮਲੂਮ ਹੋਇਆ ਕਿ ਉਸ ਲਿਖਤ ਉੱਤੇ ਸਹੀ ਪੈ ਗਈ ਹੈ . . .

ਉਸ ਨੇ ਕੀ ਕੀਤਾ??? ਉਹ ਪਰਮੇਸ਼ੁਰ ਦੀ ਬਜਾਇ ਭੀੜ ਦੇ ਮਗਰ ਚੱਲਿਆ??

**ਨਹੀਂ!** ਉਹ ਆਪਣੇ ਘੱਰ ਵਿੱਚ ਆਇਆ ਅਤੇ ਆਪਣੀ ਕੋਠੜੀ ਦੀ ਬਾਰੀ ਖੋਲ੍ਹ ਕੇ ਜਿਹੜੀ ਯਰੂਸ਼ਲਮ ਵੱਲ ਸੀ ਅਤੇ **ਦਿਨ ਵਿੱਚ ਤਿੰਨ ਵਾਰੀ ਗੋਡੇ ਨਿਵਾ** ਕੇ ਪਰਮੇਸ਼ੁਰ ਦੇ ਸਾਹਮਣੇ **ਜਿਵੇਂ ਅੱਗੇ ਕਰਦਾ ਸੀ ਬੇਨਤੀ** ਕੀਤੀ ਅਤੇ **ਸ਼ੁਕਰ ਮਨਾਇਆ**।

- ਸ਼ਰਾ ਦੇ ਕਾਰਨ ਨਹੀਂ, ਪਰ ਇਸ ਕਾਰਨ ਕਿ ਉਹ ਪਰਮੇਸ਼ੁਰ ਨਾਲ ਪਿਆਰ ਕਰਦਾ ਸੀ ਅਤੇ . . .
  ਉਸ ਨੇ ਬਾਬੁਲ ਦੇ ਰਾਜ ਨਾਲੋਂ ਪਹਿਲਾਂ ਅਤੇ ਸਭ ਤੋਂ ਵਧਕੇ ਪਰਮੇਸ਼ੁਰ ਦੇ ਰਾਜ ਦੀ **ਇੱਛਾ ਕੀਤੀ** ਅਤੇ ਇਸ ਨੂੰ **ਭਾਲਿਆ**।

ਮੱਤੀ 6:33 ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।

### ਜਦੋਂ ਤੁਸੀਂ ਭੀੜ ਦੇ ਮਗਰ ਨਹੀਂ ਚੱਲਦੇ:

- ਤੁਹਾਡੀ ਧਾਰਮਿਕਤਾ – ਉਹ ਕਰਨਾ ਜੋ ਸਹੀ ਹੈ – ਦੂਸਰਿਆਂ ਨੂੰ ਦੋਸ਼ੀ ਠਹਿਰਾਏਗੀ, ਕੁਝ ਤੁਹਾਡੇ ਮਗਰ ਚੱਲਣਗੇ, ਕੁਝ ਨਹੀਂ ਚੱਲਣਗੇ ਅਤੇ ਕੁਝ ਤੁਹਾਡੇ ਕੋਲੋਂ ਮੁੜ ਜਾਣਗੇ।

- ਜਿਹੜੇ ਤੁਹਾਡੇ ਕੋਲੋਂ ਲਾਂਭੇ ਮੁੜ ਜਾਣਗੇ, ਉਨ੍ਹਾਂ ਵਿੱਚੋਂ ਕਈ ਹਰ ਕੋਸ਼ਿਸ਼ ਕਰਨਗੇ ਕਿ ਉਹ ਤੁਹਾਡੇ ਉੱਤੇ ਆਪਣੇ ਨਾਲ ਮਿਲਾਉਣ ਲਈ ਦਬਾਓ ਪਾ ਸਕਣ।

- 1 ਪਤਰਸ 4:4 **ਓਹ** ਉਸ ਨੂੰ ਅਚਰਜ ਮੰਨਦੇ ਹਨ ਭਈ ਤੁਸੀਂ ਓਸੇ ਅੱਤ ਬਦਚਲਣੀ ਵਿੱਚ ਉਨ੍ਹਾਂ ਦੇ ਨਾਲ ਨਹੀਂ ਖੇਡਦੇ ਤਾਂ ਹੀ ਓਹ ਤੁਹਾਡੀ ਨਿੰਦਿਆ ਕਰਦੇ ਹਨ।

ਦਾਨੀਏਲ 6:16 ਤਾਂ ਰਾਜੇ ਨੇ ਆਗਿਆ ਕੀਤੀ ਅਤੇ ਓਹ ਦਾਨੀਏਲ ਨੂੰ ਲੈ ਆਏ ਅਤੇ ਉਸ ਨੂੰ **ਸ਼ੇਰਾਂ ਦੇ ਘੁਰੇ ਵਿੱਚ ਸੁੱਟ ਦਿੱਤਾ**

ਦਾਨੀਏਲ 6:19-20 ਤਾਂ ਰਾਜਾ ਮੂੰਹ ਅਨ੍ਹੇਰੇ ਹੀ ਉੱਠਿਆ ਅਤੇ ਛੇਤੀ ਨਾਲ ਸ਼ੇਰਾਂ ਦੇ ਘੁਰੇ ਵੱਲ ਗਿਆ। ਅਤੇ ਜਦੋਂ ਉਹ ਘੁਰੇ ਮੁੱਢ ਦਾਨੀਏਲ ਕੋਲ ਜਾ ਪੁੱਜਾ ਤਾਂ ਚਿੰਤਾ ਦੀ ਅਵਾਜ਼ ਨਾਲ ਪੁਕਾਰਿਆ। ਰਾਜੇ ਨੇ ਦਾਨੀਏਲ ਨੂੰ ਆਖਿਆ, ਹੇ ਦਾਨੀਏਲ, ਜੀਉਂਦੇ ਪਰਮੇਸ਼ੁਰ ਦੇ ਉਪਾਸਕ, ਕੀ ਤੇਰਾ ਪਰਮੇਸ਼ੁਰ ਜਿਹ ਦੀ ਉਪਾਸਨਾ ਤੂੰ ਸਦਾ ਕਰਦਾ ਹੈਂ ਤੈਨੂੰ ਸ਼ੇਰਾਂ ਥੀਂ ਛੁਡਾਉਣ ਜੋਗ ਹੋਇਆ?

ਦਾਨੀਏਲ 6:21 ਤਦ ਦਾਨੀਏਲ ਨੇ ਰਾਜੇ ਨੂੰ ਆਖਿਆ, ਹੇ ਰਾਜਨ, ਜੁੱਗੋ ਜੁੱਗ ਜੀ। (22) ਮੇਰੇ ਪਰਮੇਸ਼ੁਰ ਨੇ ਆਪਣੇ ਦੂਤ ਨੂੰ ਭੇਜਿਆ ਹੈ ਅਤੇ ਸ਼ੇਰਾਂ ਦੇ ਮੂੰਹਾਂ ਨੂੰ ਬੰਦ ਰੱਖਿਆ ਹੈ ਐਥੋਂ ਤੀਕ ਕਿ ਉਨ੍ਹਾਂ ਨੇ ਮੈਨੂੰ ਰਤੀ ਭਰ ਵੀ ਦੁਖ ਨਹੀਂ ਦਿੱਤਾ

ਅਤੇ ਪਰਮੇਸ਼ੁਰ ਤੁਹਾਡੇ ਲਈ ਵੀ ਇਸੇ ਤਰ੍ਹਾਂ ਹੀ ਕਰੇਗਾ!

ਪਰਮੇਸ਼ੁਰ ਨੇ ਸ਼ੇਰਾਂ ਦੇ ਮੂੰਹਾਂ ਨੂੰ ਕਿਉਂ ਬੰਦ ਕੀਤਾ?

#1. (ਆਇਤ 22) ਇਸ ਕਰਕੇ ਜੋ **ਉਸ ਦੇ** ਸਨਮੁਖ ਮੇਰੇ ਵਿੱਚ **ਬੇਦੋਸ਼ੀ** ਪਾਈ ਗਈ।

## ਦਾਨੀਏਲ ਨੇ ਸ਼ਤਾਨ ਨੂੰ ਮੌਕਾ ਨਹੀਂ ਦਿੱਤਾ!

ਮੱਤੀ 10:16 ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੁ ਬਘਿਆੜਾਂ ਵਿੱਚ ਭੇਜਦਾ ਹਾਂ ਸੋ ਤੁਸੀਂ ਸੱਪਾਂ ਵਰਗੇ ਹੁਸ਼ਿਆਰ ਅਤੇ ਕਬੂਤਰਾਂ ਵਰਗੇ ਭੋਲੇ ਹੋਵੋ।

ਰੋਮੀਆਂ 16:19 ਪਰ ਇਹ ਚਾਹੁੰਦਾ ਹਾਂ ਜੋ ਤੁਸੀਂ ਨੇਕੀ ਵਿੱਚ ਸਿਆਣੇ ਅਤੇ ਬਦੀ ਵਿੱਚ ਨਿਆਣੇ ਬਣੇ ਰਹੋ।

ਫਿਲਿੱਪੀਆਂ 2:15 ਭਈ ਤੁਸੀਂ ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ ਪਰਮੇਸ਼ੁਰ ਦੇ ਨਿਰਮਲ ਬਾਲਕ ਬਣੇ ਰਹੋ ਜਿਨ੍ਹਾਂ ਦੇ ਵਿੱਚ ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ

1 ਯੂਹੰਨਾ 5:18 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ **ਸੋ ਪਾਪ ਨਹੀਂ ਕਰਦਾ** ਸਗੋਂ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਸੀ ਉਹ **ਉਸ ਦੀ ਰੱਛਿਆ ਕਰਦਾ ਹੈ** ਅਤੇ ਉਹ **ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ।**

"ਅਤੇ ਦੁਸ਼ਟ ਉਸ ਨੂੰ ਛੂਹ ਨਹੀਂ ਸਕਦਾ"। 1 ਯੂਹੰਨਾ 5:18

ਪ੍ਰਸ਼ਨ ਇਹ ਹੈ – ਮੈਂ ਕਿਸ ਨੂੰ ਖੁਸ਼ ਕਰਨਾ ਚਾਹੁੰਦਾ ਹਾਂ? . . ਮੈਨੂੰ ਗ੍ਰਹਿਣ ਕਰਨ ਲਈ?

- ਗਲਾਤੀਆਂ 1:10 ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ **ਨਾ ਹੁੰਦਾ।**

- ਕੁਲੁੱਸੀਆਂ 1:10 ਤਾਂ ਜੋ ਤੁਸੀਂ ਅਜਿਹੀ ਜੋਗ ਚਾਲ ਚੱਲੋ ਜਿਹੜੀ **ਪ੍ਰਭੁ ਨੂੰ** ਹਰ ਤਰਾਂ ਨਾਲ **ਭਾਵੇ** ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

    - ਭੀੜ ਦੇ ਮਗਰ ਨਾ ਚੱਲੋ
    - ਸੰਸਾਰ ਦੇ ਰਾਹਾਂ ਦੇ ਅਨੁਸਾਰ ਨਾ ਚੱਲੋ
    - ਲੋਕਾਂ ਨੂੰ ਖੁਸ਼ ਕਰਨ ਵਾਲੇ ਨਾ ਬਣੋ
    - ਸ਼ਤਾਨ ਨੂੰ ਮੌਕਾ ਨਾ ਦਿਓ

ਅਤੇ ਪਰਮੇਸ਼ੁਰ ਸ਼ੇਰ ਦੇ ਮੂੰਹ ਨੂੰ ਬੰਦ ਕਰ ਦੇਵੇਗਾ

**#2.** ਅਤੇ **ਤੇਰੇ ਅੱਗੇ ਵੀ** ਹੇ ਰਾਜਨ, **ਮੈਂ ਦੋਸ਼ ਨਹੀਂ ਕੀਤਾ।** (ਦਾਨੀਏਲ 6:22)

- ਹਮੇਸ਼ਾ ਆਪਣੇ ਮਾਲਕ ਦੀ ਆਗਿਆ ਮੰਨੀ ਅਤੇ ਉਸ ਦੀ ਸੇਵਾ ਕੀਤੀ
- ਉਹ ਕੀਤਾ ਜਿਸ ਨਾਲ ਉਸ ਦੇ ਮਾਲਕ ਨੂੰ ਲਾਭ ਹੋਵੇਗਾ।
- ਕੀ ਅੱਜ ਨੌਕਰ ਇਹ ਕਰਦੇ ਹਨ????

ਕੁਲੁੱਸੀਆਂ 3:22-23 ਹੇ ਨੌਕਰੋ, ਤੁਸੀਂ **ਸਭਨੀਂ ਗੱਲੀਂ** ਆਪਣੇ ਸੰਸਾਰਕ ਮਾਲਕਾਂ ਦੀ **ਆਗਿਆਕਾਰੀ ਕਰੋ** ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਹੀਂ ਸਗੋਂ ਮਨ ਦੀ ਸਫ਼ਾਈ ਨਾਲ ਪ੍ਰਭੁ ਦੇ ਭੈ ਨਾਲ ਕਰੋ।

ਰੋਮੀਆਂ 13:1-2 ਹਰੇਕ ਪ੍ਰਾਣੀ ਹਕੂਮਤਾਂ ਦੇ ਅਧੀਨ ਰਹੇ

#3. ਦਾਨੀਏਲ 6:3(ੳ) **ਇੱਕ ਚੰਗਾ ਆਤਮਾ ਦਾਨੀਏਲ ਵਿੱਚ ਸੀ** ਏਸੇ ਕਰਕੇ ਉਹ ਨੂੰ ਮਨਸਬਦਾਰਾਂ ਤੇ ਪਰਧਾਨਾਂ ਨਾਲੋਂ ਵੱਡਿਆਈ ਮਿਲੀ

- ਬਾਕੀਆਂ ਨਾਲੋਂ ਅਲੱਗ
- ਭੀੜ ਜਾਂ ਸੰਸਾਰ ਦੇ ਰਾਹਾਂ ਅਨੁਸਾਰ ਨਹੀਂ ਚੱਲਿਆ
- ਆਪਣੇ ਉੱਪਰਲੇ ਅਧਿਕਾਰੀਆਂ ਦਾ ਇੱਕ ਨੌਕਰ
- ਵਿਸ਼ਵਾਸਯੋਗ
- ਮਿਹਨਤੀ - ਦੂਸਰਿਆਂ ਨੂੰ ਸਫ਼ਲ ਕਰਨ ਲਈ ਕੰਮ ਕਰਨ ਵਾਲਾ ਨਾ ਕਿ ਆਪਣੇ ਆਪ ਲਈ
- ਕਦੇ ਵੀ ਬੁੜਬੁੜ ਜਾਂ ਸ਼ਕਾਇਤ ਨਾ ਕੀਤੀ

ਦਾਨੀਏਲ 6:3(ਅ) ਅਤੇ ਰਾਜੇ ਨੇ ਚਾਹਿਆ ਭਈ ਉਹ ਨੂੰ ਸਾਰੇ ਰਾਜ ਉੱਤੇ ਮੁਖਤਿਆਰ ਕਰੇ।

- ਜ਼ਬੂਰ 5:12 ਹੇ ਯਹੋਵਾਹ, **ਤੂੰ** ਤਾਂ **ਧਰਮੀ** ਨੂੰ ਬਰਕਤ ਦੇਵੇਂਗਾ, ਢਾਲ ਰੂਪੀ ਕਿਰਪਾ ਦੇ ਨਾਲ ਤੂੰ **ਉਹ ਨੂੰ ਘੇਰੀਂ ਰੱਖੇਂਗਾ।**

"ਅਤੇ ਸ਼ਤਾਨ ਉਸ ਨੂੰ ਛੂਹ ਨਹੀਂ ਸਕਦਾ"। 1 ਯੂਹੰਨਾ 5:18

#4. ਦਾਨੀਏਲ 6:4-5 ਤਦ ਉਨ੍ਹਾਂ ਮਨਸਬਦਾਰਾਂ ਤੇ ਪਰਧਾਨਾਂ ਨੇ ਚਾਹਿਆ ਭਈ ਕਿਵੇਂ ਨਾ ਕਿਵੇਂ ਰਾਜ ਕਾਜ ਦੇ ਕਾਰਨ ਦਾਨੀਏਲ ਉੱਤੇ ਕੋਈ ਦੋਸ਼ ਲਾਈਏ **ਪਰ ਉਨ੍ਹਾਂ ਨੂੰ ਕੋਈ ਦੋਸ਼ ਯਾ ਖੋਟ ਨਾ ਲੱਭਾ ਕਿਉਂ ਜੋ ਉਹ ਵਫ਼ਾਦਾਰ ਸੀ ਅਤੇ ਉਹ ਦੇ ਵਿੱਚ ਕੋਈ ਔਗਣ ਯਾ ਖੋਟ ਨਾ ਲੱਭਾ।** (5) ਤਾਂ ਉਨ੍ਹਾਂ ਮਨੁੱਖਾਂ ਨੇ ਆਖਿਆ ਕਿ ਅਸੀਂ ਏਸ ਦਾਨੀਏਲ ਨੂੰ ਉਹ ਦੇ ਪਰਮੇਸ਼ੁਰ ਦੀ ਬਿਵਸਥਾ ਦੇ ਬਿਨਾਂ ਹੋਰ ਕਿਸੇ ਗੱਲ ਵਿੱਚ ਦੋਸ਼ੀ ਨਾ ਲੱਭਾਂਗੇ।

- ਕੋਈ ਵੀ ਦੋਸ਼ ਲਾਉਣ ਦਾ ਕਾਰਨ ਨਹੀਂ - ਕੋਈ ਦੋਸ਼ ਨਹੀਂ / ਕੁਝ ਗਲਤ ਨਹੀਂ ਕੀਤਾ

ਕਿੰਨੀ ਅਦਭੁਤ ਗਵਾਹੀ ਹੈ !

ਕਹਾਉਤਾਂ 11:5 **ਸੰਪੂਰਨ** ਆਦਮੀ ਦਾ ਧਰਮ ਉਹ ਦਾ ਰਾਹ ਸਿੱਧਾ ਰੱਖੇਗਾ, ਪਰ ਦੁਸ਼ਟ ਜਨ ਆਪਣੀ ਦੁਸ਼ਟਤਾਈ ਨਾਲ ਹੀ ਡਿੱਗ ਪਵੇਗਾ।

ਰਸੂਲਾਂ ਦੇ ਕਰਤੱਬ 24:16 ਮੈਂ ਆਪ ਭੀ ਇਸ ਵਿੱਚ ਜਤਨ ਕਰਦਾ ਹਾਂ ਜੋ ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ **ਦੋਸ਼ੀ ਨਾ** ਕਰੇ।

ਫਿਲਿੱਪੀਆਂ 2:14-15 ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ ਕਰੋ। ਭਈ ਤੁਸੀਂ **ਨਿਰਦੋਸ਼** ਅਤੇ **ਸਿੱਧੇ ਸਾਧੇ** ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ ਪਰਮੇਸ਼ੁਰ ਦੇ ਨਿਰਮਲ ਬਾਲਕ ਬਣੇ ਰਹੋ ਜਿਨ੍ਹਾਂ ਦੇ ਵਿੱਚ **ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ**

2 ਪਤਰਸ 3:14 ਇਸ ਲਈ ਹੇ ਪਿਆਰਿਓ, ਜਦੋਂ ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ ਤਾਂ ਜਤਨ ਕਰੋ ਭਈ ਤੁਸੀਂ ਸ਼ਾਂਤੀ ਨਾਲ ਉਹ ਦੇ ਅੱਗੇ ਨਿਰਮਲ ਅਤੇ **ਨਿਹਕਲੰਕ** ਠਹਿਰੋ।

ਇੱਕ ਦੂਸਰੇ ਦੀ ਉਦਾਹਰਣ ਜਿਸ ਵਿੱਚ ਗੈਰ-ਸਧਾਰਣ ਆਤਮਾ ਸੀ:

**ਯੂਸੁਫ਼** - ਜਦੋਂ ਉਸ ਦੇ ਮਾਲਕ ਦੀ ਪਤਨੀ ਦੁਆਰਾ ਉਸ ਦਾ ਪਿੱਛਾ ਕੀਤਾ ਗਿਆ ਤਾਂ ਉਹ ਹਰਾਮਕਾਰੀ ਦੀ ਪ੍ਰੀਖਿਆ ਤੋਂ ਭੱਜਿਆ। ਪਰਮੇਸ਼ੁਰ ਨੇ ਉਸ ਨੂੰ ਬਰਕਤ ਦਿੱਤੀ ਅਤੇ ਉਸ ਨੂੰ ਮਿਸਰ ਵਿੱਚ ਅਧਿਕਾਰ ਅਤੇ ਧੰਨ ਵਿੱਚ ਦੂਸਰਾ ਬਣਾਇਆ।

ਕਹਾਉਤਾਂ 10:22 ਯਹੋਵਾਹ ਦੀ ਬਰਕਤ ਧਨੀ ਬਣਾਉਂਦੀ ਹੈ, ਅਤੇ ਉਸ ਦੇ ਨਾਲ ਉਹ ਸੋਗ ਨਹੀਂ ਮਿਲਾਉਂਦਾ।

ਅਤੇ ਪਰਮੇਸ਼ੁਰ ਨੇ ਸ਼ੇਰ ਦਾ ਮੂੰਹ ਬੰਦ ਕਰ ਦਿੱਤਾ

ਅਤੇ ਸ਼ਤਾਨ ਤੁਹਾਨੂੰ ਛੂਹ ਨਹੀਂ ਸਕਦਾ !

ਸਫ਼ਲ ਵਿਅਕਤੀ ਦੇ ਗੁਣ:

- ਭ੍ਰਿਸ਼ਟ ਨਹੀਂ - ਹਰਾਮਕਾਰ; ਬੇਈਮਾਨ; ਅਤੇ ਨਾ ਹੀ ਧੋਖਾ ਕਰਨ ਵਾਲਾ
- ਨਾ ਲਾਪਰਵਾਹ - ਜੋ ਤੁਸੀਂ ਕਰਨਾ ਚਾਹੁੰਦੇ ਹੋ ਉਹ ਕਰਨ ਵਿੱਚ ਅਸਫ਼ਲ ਹੋਣਾ
- ਨਾ ਆਲਸੀ - ਆਪਣੇ ਆਪ ਨੂੰ ਆਲਸੀ ਮੰਨਣ ਲਈ ਤਿਆਰ ਨਹੀਂ
- ਕਿਸੇ ਕੰਮ ਨੂੰ ਵੇਖਦਾ ਹੈ ਜਿਸ ਨੂੰ ਕਰਨ ਦੀ ਲੋੜ ਹੈ - ਉਸ ਨੂੰ ਕਰਦਾ ਹੈ!
  ਹਰੇਕ ਚੀਜ਼ ਨੂੰ ਉਸੇ ਤਰ੍ਹਾਂ ਛੱਡਣਾ ਜਿਵੇਂ ਤੁਹਾਨੂੰ ਮਿਲਿਆ ਜਾਂ ਉਸ ਨਾਲੋਂ ਵੀ ਬੇਹਤਰ
- ਮਿਹਨਤੀ - ਹਰ ਕੰਮ ਨੂੰ ਪਰਮੇਸ਼ੁਰ ਵੱਲੋਂ ਇੱਕ ਖਾਸ ਕੰਮ ਦੇ ਰੂਪ ਵਿੱਚ ਵੇਖਣਾ ਅਤੇ ਉਸ ਨੂੰ ਪੂਰਾ ਕਰਨ ਲਈ ਆਪਣੀ ਸਾਰੀ ਊਰਜਾ ਨੂੰ ਲਾਉਣਾ।

ਕੁਲੁੱਸੀਆਂ 3:23 ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ।

ਅਤੇ ਪਰਮੇਸ਼ੁਰ ਸ਼ੇਰ ਦੇ ਮੂੰਹ ਨੂੰ ਬੰਦ ਕਰੇਗਾ

**ਅਤੇ ਨਾ ਸ਼ਤਾਨ ਨੂੰ ਥਾਂ ਦਿਓ / ਦਾਨੀਏਲ ਨੇ ਨਹੀਂ ਦਿੱਤਾ!**

(ਅਫ਼ਸੀਆਂ 4:27)

ਤੁਸੀਂ ਵੀ ਇਸੇ ਤਰ੍ਹਾਂ ਹੀ ਕਰ ਸਕਦੇ ਹੋ !

ਫਿਲਿੱਪੀਆਂ 4:13 . . . . ਮੈਂ ਸੱਭੋ ਕੁਝ ਕਰ ਸੱਕਦਾ ਹਾਂ।

**ਗੁਣ** - ਨੈਤਿਕ ਸ਼ੁੱਧਤਾ ਅਤੇ ਆਤਮਾ ਦੀ ਸ਼ੁੱਧਤਾ ਜੋ ਮੇਰੇ ਜੀਵਨ ਦੇ ਆਲੇ ਦੁਆਲੇ ਹੈ ਜਦੋਂ ਮੈਂ ਪਾਪ ਨੂੰ "ਨਾਂਹ" ਅਤੇ ਯਿਸੂ ਨੂੰ "ਹਾਂ" ਆਖਦਾ ਹਾਂ।

**ਖਰਿਆਈ** - ਦ੍ਰਿੜ ਨੈਤਿਕ ਗੁਣ, ਮੁਸ਼ਕਿਲ ਦੀ ਪਰਵਾਹ ਕੀਤੇ ਬਿਨ੍ਹਾਂ, ਨੈਤਿਕਤਾ ਅਤੇ ਸਦਾਚਾਰ ਦੇ ਸਰਬ ਉੱਚ ਸਤਰ ਲਈ।

ਅਤੇ ਪਰਮੇਸ਼ੁਰ ਸ਼ੇਰ ਦੇ ਮੂੰਹ ਨੂੰ ਬੰਦ ਕਰ ਦੇਵੇਗਾ

ਅਤੇ ਦੁਸ਼ਟ ਤੁਹਾਨੂੰ ਛੂਹ ਨਹੀਂ ਸਕਦਾ

ਅਤੇ ਫਿਰ ਤੁਸੀਂ ਪਰਮੇਸ਼ੁਰ ਦੇ ਰਾਜ ਵਿੱਚ ਚੱਲੋਗੇ ਅਤੇ ਇਸ ਦੀਆਂ ਬਰਕਤਾਂ ਦੇ ਅਧਿਕਾਰੀ ਹੋਵੋਗੇ।

ਜ਼ਬੂਰ 15 ਹੇ ਯਹੋਵਾਹ, ਤੇਰੇ ਡੇਹਰੇ (ਰਾਜ) **ਵਿੱਚ ਕੌਣ ਟਿਕੇਗਾ**? ਤੇਰੇ ਪਵਿੱਤਰ ਪਹਾੜ (ਰਾਜ ਵਿੱਚ) ਉੱਤੇ **ਕੌਣ** ਵੱਸੇਗਾ?

1. ਉਹੋ ਜਿਹੜਾ **ਸਿੱਧੀ ਚਾਲ** ਚੱਲਦਾ, **ਨੇਕੀ** ਕਰਦਾ, ਅਤੇ ਮਨੋਂ **ਸੱਚ** ਬੋਲਦਾ ਹੈ,
2. ਉਹ ਜਿਹੜਾ ਆਪਣੀ ਜੀਭ ਨਾਲ ਚੁਗਲੀ **ਨਹੀਂ ਕਰਦਾ**, ਨਾ ਆਪਣੇ ਸਾਥੀ ਦਾ **ਬੁਰਾ** ਕਰਦਾ, ਅਤੇ ਨਾ ਆਪਣੇ ਗੁਆਂਢੀ ਨੂੰ **ਉਲਾਹਮਾ ਦਿੰਦਾ** ਹੈ।
3. ਜਿਹ ਦੀਆਂ ਅੱਖਾਂ ਵਿੱਚ ਖੋਟਾ ਮਨੁੱਖ **ਤੁੱਛ** ਹੈ, ਪਰ ਯਹੋਵਾਹ ਤੋਂ ਭੈ ਕਰਨ ਵਾਲਿਆਂ ਦਾ **ਆਦਰ** ਕਰਦਾ ਹੈ। ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ,
4. **ਜਿਹੜਾ ਏਹ ਕਰਦਾ ਹੈ ਉਹ ਕਦੀ ਵੀ ਨਹੀਂ ਡੋਲੇਗਾ।**

ਇਹ ਵਿਅਕਤੀ ਇੱਕ ਆਗੂ ਹੈ

ਉਸ ਕਿਸਮ ਦਾ ਵਿਅਕਤੀ ਜਿਸ ਦੀ ਤੁਹਾਡੇ ਦੇਸ ਨੂੰ ਲੋੜ ਹੈ।

- ਤੁਹਾਡੇ ਕਾਰੋਬਾਰ ਨੂੰ ਲੋੜ ਹੈ
- ਤੁਹਾਡੇ ਪਰਿਵਾਰ ਨੂੰ ਲੋੜ ਹੈ
- ਤੁਹਾਡੇ ਸਕੂਲ ਨੂੰ ਲੋੜ ਹੈ
- ਤੁਹਾਡੇ ਮਿੱਤਰਾਂ ਨੂੰ ਲੋੜ ਹੈ

ਅੰਧਕਾਰ ਦੀਆਂ ਸ਼ਕਤੀਆਂ ਦੇ ਵਿਰੁੱਧ ਇਕੱਲੇ ਖੜ੍ਹੇ ਹੋਣ ਦੀ ਇੱਛਾ ਜ਼ਰੂਰੀ ਹੈ!

ਦੁਸ਼ਮਣ ਨੇ ਤੁਹਾਡੇ ਵਿਰੁੱਧ ਕਿਹੜਾ ਸਮਰੱਥੀ ਹਥਿਆਰ ਤਿਆਰ ਕੀਤਾ ਹੈ?

ਇਸ ਸੰਸਾਰ ਨੂੰ ਉਨ੍ਹਾਂ ਆਗੂਆਂ ਦੀ ਲੋੜ ਹੈ ਜੋ **ਪਾਪ ਨੂੰ "ਨਾਂਹ" ਆਖਣਗੇ**

ਉਨ੍ਹਾਂ ਦੇ ਵਿਰੁੱਧ ਖੜ੍ਹੀਆਂ ਸ਼ਕਤੀਆਂ ਦੀ ਪਰਵਾਹ ਕੀਤੇ ਬਿਨ੍ਹਾਂ।

ਅਫਸੀਆਂ 6:11-17 ਪਰਮੇਸ਼ੁਰ ਦੇ **ਸਾਰੇ ਸ਼ਸਤਰ ਬਸਤਰ ਧਾਰੋ** ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ **ਖਲੋ** ਸੱਕੋ। ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ** (ਨਾ ਆਖ) ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ **ਖਲੋ** ਸੱਕੋ। ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨਕੇ ਅਤੇ ਮਿਲਾਪ ਦੀ ਖੁਸ਼ ਖ਼ਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀ ਪਾ ਕੇ ਖਲੋ ਜਾਓ! ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ। ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ। (ਅੰਗਰੇਜ਼ੀ ਵਿੱਚ ਇਹ ਹਵਾਲਾ ਬਾਈਬਲ ਦੇ ਹੋਰ ਸੰਸਕਰਣ ਤੋਂ ਲਿਆ ਗਿਆ ਹੈ)

ਕਹਾਉਤਾਂ 2:7 ਸਚਿਆਰਾਂ ਲਈ **ਉਹ ਦਨਾਈ ਰੱਖ ਛੱਡਦਾ** ਹੈ, ਜਿਹੜੇ **ਖਰਿਆਈ** ਨਾਲ ਚੱਲਦੇ ਹਨ ਉਨ੍ਹਾਂ ਲਈ ਉਹ ਢਾਲ ਹੈ,

ਪਰਮੇਸ਼ੁਰ ਸ਼ੇਰ ਦੇ ਮੂੰਹ ਨੂੰ ਬੰਦ ਕਰ ਦੇਵੇਗਾ

ਜ਼ਬੂਰ 84:11 ਯਹੋਵਾਹ ਪਰਮੇਸ਼ੁਰ ਇੱਕ ਸੂਰਜ ਤੇ ਇੱਕ **ਢਾਲ** ਹੈ, ਯਹੋਵਾਹ **ਦਯਾ** ਅਤੇ **ਤੇਜ** ਦੇਵੇਗਾ, ਉਹ **ਸਿਧਿਆਈ ਵਿੱਚ ਚੱਲਣ** ਵਾਲਿਆਂ ਤੋਂ ਕੋਈ ਚੰਗੀ ਚੀਜ਼ ਨਾ ਰੋਕੇਗਾ।

ਇਕੱਲੇ ਖੜ੍ਹੇ ਹੋਵੋ . . . ਜਾਂ . . . ਭੀੜ ਦੇ ਮਗਰ ਚੱਲੋ ?

ਕਹਾਉਤਾਂ 10:9 **ਸਿੱਧਾ** ਤੁਰਨ ਵਾਲਾ ਬੇਖਟਕੇ ਤੁਰਦਾ ਹੈ, ਅਤੇ ਜਿਹੜਾ ਵਿੰਗੀ ਚਾਲ ਚੱਲਦਾ ਹੈ ਉਹ ਉਜਾਗਰ ਹੋ ਜਾਵੇਗਾ।

ਮੱਤੀ 7:13-14 ਭੀੜੇ ਫਾਟਕ ਤੋਂ ਵੜੋ ਕਿਉਂ ਜੋ **ਮੋਕਲਾ** ਹੈ ਉਹ ਫਾਟਕ ਅਤੇ **ਖੁੱਲ੍ਹਾ** ਹੈ ਉਹ ਰਾਹ ਜਿਹੜਾ **ਨਾਸ** ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। ਅਤੇ **ਭੀੜਾ** ਹੈ ਉਹ ਫਾਟਕ ਅਤੇ **ਸੌੜਾ** ਹੈ ਉਹ ਰਾਹ ਜਿਹੜਾ **ਜੀਉਣ** ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।

ਕਹਾਉਤਾਂ 11:3 ਸਿੱਧਿਆਂ ਦੀ **ਖਰਿਆਈ** ਓਹਨਾਂ ਦੀ ਅਗਵਾਈ ਕਰੇਗੀ {ਅਤੇ ਪਰਮੇਸ਼ੁਰ ਸ਼ੇਰ ਦੇ ਮੂੰਹ ਨੂੰ ਬੰਦ ਕਰ ਦੇਵੇਗਾ}, ਪਰ ਛਲੀਆਂ ਦੇ ਟੇਢ ਉਨ੍ਹਾਂ ਦਾ ਨਾਸ ਕਰੇਗੀ।

ਕੁੰਜੀ ਨੰਬਰ #3 ਦੀ ਜਾਣ-ਪਛਾਣ

**ਤੁਹਾਡਾ ਜੀਵਨ** ਉਨ੍ਹਾਂ **ਫੈਸਲਿਆਂ ਅਤੇ ਚੋਣਾਂ** ਦਾ ਨਤੀਜਾ ਹੈ ਜੋ ਤੁਸੀਂ ਹਰ ਰੋਜ਼ ਕਰਦੇ ਹੋ। ਅਤੇ ਉਹ ਫੈਸਲੇ ਤੁਹਾਡੀਆਂ ਤਰਜੀਹਾਂ ਦੁਆਰਾ ਨਿਰਧਾਰਿਤ ਕੀਤੇ ਜਾਂਦੇ ਹਨ – ਜਿਸ ਦੇ ਮਗਰ ਆਪਣੇ ਪੈਸੇ ਅਤੇ ਸਮੇਂ ਨਾਲ ਚੱਲਣਾ ਤੁਸੀਂ ਯੋਗ ਅਤੇ ਮਹੱਤਵਪੂਰਣ ਮੰਨਦੇ ਹੋ।

ਅਸੀਂ ਹਮੇਸ਼ਾ ਆਪਣੇ ਬੱਚਿਆਂ ਨੂੰ ਦੱਸਿਆ:

- ਭਵਿੱਖ ਉਨ੍ਹਾਂ ਫੈਸਲਿਆਂ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਜੋ ਤੁਸੀਂ ਅੱਜ ਲੈਂਦੇ ਹੋ।
- ਤੁਹਾਡੇ ਅੱਜ ਦੇ ਫੈਸਲੇ ਤੁਹਾਡੇ ਕੱਲ ਲਈ ਦਰਵਾਜ਼ੇ ਖੋਲ੍ਹਦੇ ਹਨ ਜਾਂ ਬੰਦ ਕਰਦੇ ਹਨ।
- ਤੁਹਾਡੇ ਕੋਲ ਤੁਹਾਡੇ ਹੱਥ ਵਿੱਚ ਕੁੰਜੀਆਂ ਹਨ।
- ਤੁਹਾਡਾ ਅੱਜ ਦਾ ਜੀਵਨ ਤੁਹਾਡੇ ਪਿਛਲੇ ਫੈਸਲਿਆਂ ਦਾ ਜੋੜ ਹੈ।
- ਤੁਹਾਡੇ ਕੱਲ ਦਾ ਜੀਵਨ ਉਨ੍ਹਾਂ ਚੋਣਾਂ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ ਜੋ ਤੁਸੀਂ ਅੱਜ ਕਰਦੇ ਹੋ।
- ਤੁਹਾਡਾ ਜੀਵਨ ਤੁਹਾਡੀਆਂ ਤਰਜੀਹਾਂ ਦਾ ਪ੍ਰਗਟਾਵਾ ਹੈ – ਜਿਸ ਦੀ ਭਾਲ ਕਰਦੇ ਹੋ ਅਤੇ ਉੱਚਾ ਸਥਾਨ ਦਿੰਦੇ ਹੋ।

ਸਭ ਤੋਂ ਵੱਡਾ ਅਤੇ ਮਹੱਤਵਪੂਰਣ ਫੈਸਲਾ ਜੋ ਤੁਸੀਂ ਕਦੇ ਲਿਆ ਉਹ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਅਤੇ ਉਸ ਨੂੰ ਗ੍ਰਹਿਣ ਕਰਨਾ ਹੈ।

ਜਦੋਂ ਤੁਸੀਂ ਵਿਸ਼ਵਾਸ ਕਰਦੇ ਹੋ ਬਹੁਤ ਸਾਰੀਆਂ ਚੀਜ਼ਾਂ ਹੁੰਦੀਆਂ ਹਨ:

#1. ਨਵਾਂ ਜਨਮ

**1 ਪਤਰਸ 1:23** ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਬਚਨ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ **ਨਵੇਂ ਸਿਰਿਓਂ ਜਨਮੇ** ਹੋ।

#2. ਮੌਤ ਵਿੱਚੋਂ ਬਾਹਰ ਕੱਢਿਆ ਅਤੇ ਜੀਵਨ ਵਿੱਚ ਰੱਖਿਆ

**ਯੂਹੰਨਾ 5:24** ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ **ਪਰਤੀਤ ਕਰਦਾ ਹੈ** ਜਿਨ੍ਹ ਮੈਨੂੰ ਘੱਲਿਆ **ਸਦੀਪਕ ਜੀਉਣ ਉਹ ਦਾ ਹੈ** ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ **ਮੌਤ ਤੋਂ ਪਾਰ ਲੰਘ ਕੇ** ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।

#3. ਤਰਜੀਹਾਂ – ਸੋਚ – ਕੰਮ ਬਦਲਣਾ

2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ **ਉਹ ਨਵੀਂ ਸਰਿਸ਼ਟ ਹੈ।** ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ।

#4. ਇੱਕ ਨਵਾਂ ਮਨ ਪ੍ਰਾਪਤ ਕਰਨਾ – ਇੱਕ ਨਵਾਂ ਨਾਮ – ਇੱਕ ਨਵਾਂ ਆਤਮਾ

ਹਿਜ਼ਕੀਏਲ 36:26 ਮੈਂ ਤੁਹਾਨੂੰ **ਨਵਾਂ ਦਿਲ** ਦਿਆਂਗਾ ਅਤੇ **ਨਵਾਂ ਆਤਮਾ** ਤੁਹਾਡੇ ਵਿੱਚ ਪਾਵਾਂਗਾ
ਯਸਾਯਾਹ 65:15 ਪਰ ਉਹ ਆਪਣੇ ਦਾਸਾਂ ਨੂੰ ਦੂਜੇ ਨਾਉਂ ਤੋਂ ਬੁਲਾਵੇਗਾ।
ਪਰਕਾਸ਼ ਦੀ ਪੋਥੀ 2:17 ਉਹ ਨੂੰ ਮੈਂ . . . ਦਿਆਂਗਾ . . . ਇੱਕ ਨਵਾਂ ਨਾਉਂ . . .

#5. ਅਤੇ ਸਾਨੂੰ **ਅੰਧਕਾਰ ਦੇ ਵੱਸ** ਵਿੱਚੋਂ **ਛੁਡਾ ਕੇ** ਆਪਣੇ ਪਿਆਰੇ ਪੁੱਤਰ ਦੇ **ਰਾਜ** ਵਿੱਚ **ਪੁਚਾ ਦਿੱਤਾ**। ਉਸ ਦੇ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।

ਕੁਲੱਸੀਆਂ 1:13-14

ਸਾਡੇ ਵਿੱਚ **ਨਵਾਂ**, ਦੁਬਾਰਾ ਜਨਮਿਆ **ਵਿਅਕਤੀ** ਰਾਜ ਵਿੱਚ **ਪੁਚਾ ਦਿੱਤਾ** ਗਿਆ ਹੈ।

- ਅਤੇ **ਨਵੀਂ ਇਨਸਾਨੀਅਤ** ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ **ਸਚਿਆਈ** ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ। (ਅਫਸੀਆਂ 4:24)
- ਸਾਡੇ ਵਿਚਲੀ ਪੁਰਾਣੀ ਇਨਸਾਨੀਅਤ ਰਾਜ ਵਿੱਚ ਪ੍ਰਵੇਸ਼ ਨਹੀਂ ਕਰ ਸਕਦੀ।

1 ਕੁਰਿੰਥੀਆਂ 6:8-10 ਅਥਵਾ ਤੁਸੀਂ ਨਹੀਂ ਜਾਣਦੇ ਜੋ **ਕੁਧਰਮੀ ਲੋਕ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ?**

ਗਲਾਤੀਆਂ 5:18-24 ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਹ **ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।**

- ਆਤਮਾ ਦੁਆਰਾ ਚੱਲਣਾ -> ਰਾਜ ਦੇ ਵਿੱਚ ਚੱਲਣਾ ਹੈ

- ਜਦੋਂ ਸਰੀਰ ਦੁਆਰਾ ਚੱਲਦੇ ਹਾਂ -> ਅਸੀਂ ਇਸ ਸੰਸਾਰ ਦੇ ਰਾਜ ਵਿੱਚ ਚੱਲਦੇ ਹਾਂ।

- ਇਸ ਲਈ ਇਹ ਬਹੁਤ ਮਹੱਤਵਪੂਰਣ ਹੋ ਜਾਂਦਾ ਹੈ ਕਿ ਅਸੀਂ "ਆਪਣੀ ਸਲੀਬ ਚੁੱਕੀਏ ਅਤੇ ਆਪਣੇ ਪੁਰਾਣੇ ਸੁਭਾਅ ਨੂੰ ਸਲੀਬ ਉੱਤੇ ਚੜ੍ਹਾ ਦੇਈਏ"।

> ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ **ਕਰੇ** ਅਤੇ ਰੋਜ਼ **ਆਪਣੀ ਸਲੀਬ ਚੁੱਕ ਕੇ** ਮੇਰੇ ਪਿੱਛੇ ਚੱਲੇ। ਲੂਕਾ 9:23-24

ਸਾਡੇ ਨਵੇਂ ਨਾਮ ਨੂੰ ਪ੍ਰਾਪਤ ਕਰਨ ਦੀ ਉਦਾਹਰਣ:

ਯੂਹੰਨਾ 1:42 ਯਿਸੂ ਨੇ ਉਸ ਉੱਤੇ ਦ੍ਰਿਸ਼ਟ ਕਰ ਕੇ ਕਿਹਾ ਜੋ ਤੂੰ ਯੂਹੰਨਾ ਦਾ ਪੁੱਤਰ **ਸ਼ਮਊਨ** ਹੈਂ, ਤੂੰ ਕੇਫ਼ਾਸ ਅਰਥਾਤ ਪਤਰਸ **ਸਦਾਵੇਂਗਾ** (ਅਰਾਮੀ – ਜਿਸ ਦਾ ਅਨੁਵਾਦ **ਪਤਰਸ** ਕੀਤਾ ਗਿਆ ਹੈ) ਉਸ ਸਮੇਂ ਉਸ ਨੇ ਨਵਾਂ ਜਨਮ ਨਹੀਂ ਪਾਇਆ ਸੀ।

> "**ਸਦਾਵੇਂਗਾ**" ਹੁਣ ਨਹੀਂ, ਪਰ ਭਵਿੱਖ ਵਿੱਚ, ਕਦੋਂ?

ਇਹ ਹੈ ਜਦੋਂ ਉਸ ਦਾ ਨਾਮ ਬਦਲਿਆ ਗਿਆ -> ਜਦੋਂ ਉਸ ਨੇ ਵਿਸ਼ਵਾਸ ਕੀਤਾ:
ਮੱਤੀ 16:13-19 ਯਿਸੂ ਨੇ ਕੈਸਰੀਆ ਫ਼ਿਲਿੱਪੀ ਦੇ ਇਲਾਕੇ ਵਿੱਚ ਆਣ ਕੇ ਆਪਣੇ ਚੇਲਿਆਂ ਨੂੰ ਇਹ ਕਹਿ ਕੇ ਪੁੱਛਿਆ ਜੋ ਲੋਕ ਮਨੁੱਖ ਦੇ ਪੁੱਤਰ ਨੂੰ ਕੀ ਆਖਦੇ ਹਨ? (14) ਓਹ ਬੋਲੇ, ਕਈ ਤਾਂ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਏਲੀਯਾਹ ਅਤੇ ਕਈ ਯਿਰਮਿਯਾਹ ਯਾ ਨਬੀਆਂ ਵਿੱਚੋਂ ਕੋਈ। (15) ਉਸ ਨੇ ਉਨ੍ਹਾਂ ਨੂੰ ਕਿਹਾ, ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ? (16) ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ। (17) ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ **ਸ਼ਮਊਨ** ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ। (18) ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ **ਤੂੰ ਪਤਰਸ** (ਪੇਟਰੋਸ) **ਹੈਂ** ਅਤੇ ਮੈਂ ਇਸ ਪੱਥਰ (ਪੇਟਰਾ) ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ। (19) **ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ** ਅਤੇ ਜੋ ਕੁਝ ਤੂੰ **ਧਰਤੀ ਉੱਤੇ** ਬੰਨ੍ਹੇਂਗਾ (ਰੋਕੇਂਗਾ) ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ **ਧਰਤੀ ਉੱਤੇ** ਖੋਲ੍ਹੇਂਗਾ (ਇਜਾਜ਼ਤ ਦੇਵੇਂਗਾ) ਸੁਰਗ ਵਿੱਚ ਖੋਲ੍ਹਿਆ ਜਾਵੇਗਾ। (ਤੁਲਨਾ ਕਰੋ, ਮੱਤੀ 18:18)

ਕੁੰਜੀਆਂ ਧਰਤੀ ਉੱਤੇ ਵਰਤਣ ਲਈ ਹਨ ! (ਜ਼ਬੂਰ 115:16 ਧਰਤੀ ਮਨੁੱਖ ਨੂੰ ਦਿੱਤੀ ਗਈ)

**ਪੇਟਰੋਸ;** ਇੱਕ ਛੋਟੀ ਚਟਾਨ, ਛੋਟਾ ਪੱਥਰ / **ਪੇਟਰਾ** ਇੱਕ ਵੱਡੀ ਚਟਾਨ ਜਾਂ ਪੱਥਰ

ਜ਼ਬੂਰ 95:1 ਆਓ, ਅਸੀਂ ਯਹੋਵਾਹ ਲਈ ਜੈਕਾਰਾ ਗਜਾਈਏ, ਅਤੇ **ਆਪਣੀ ਮੁਕਤ ਦੀ ਚਟਾਨ** ਲਈ ਨਾਰਾ ਮਾਰੀਏ!
ਜ਼ਬੂਰ 89:26 2 ਕੁਰਿੰਥੀਆਂ 22:3, 47

ਯਿਸੂ > "ਪੱਥਰ" > "ਖੂੰਜੇ ਦਾ ਪੱਥਰ"

1 ਕੁਰਿੰਥੀਆਂ 3:11 ਕਿਉਂ ਜੋ ਉਸ **ਨੀਂਹ** ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ। ਮੱਤੀ 7:24 ਸੁਣਦਾ ਅਤੇ ਚੱਲਦਾ / ਪੱਥਰ ਉੱਤੇ ਆਪਣਾ ਘਰ ਬਣਾਇਆ

ਅਸੀਂ "ਛੋਟੇ" ਪੱਥਰ ਹਾਂ: 1 ਪਤਰਸ 2:4-8

2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ **ਉਹ ਨਵੀਂ ਸਰਿਸ਼ਟ ਹੈ।** ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ **ਨਵੀਆਂ** ਹੋ ਗਈਆਂ ਹਨ।

- ਇੱਕ ਨਵਾਂ ਨਾਮ

- ਇੱਕ ਨਵਾਂ ਵਿਅਕਤੀ  ਅਫਸੀਆਂ 4:22-24 "ਨਵੀਂ ਇਨਸਾਨੀਅਤ"

ਅਫਸੀਆਂ 4:22-24 ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ** (ਤੁਹਾਡੇ ਵਿੱਚ ਸ਼ਮਊਨ) **ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ **ਵਿਗੜਦੀ ਜਾਂਦੀ ਹੈ**। ਅਤੇ ਆਪਣੇ **ਮਨ** ਦੇ ਸੁਭਾਉ ਵਿੱਚ ਨਵੇਂ ਬਣੋ ਅਤੇ **ਨਵੀਂ ਇਨਸਾਨੀਅਤ** (ਤੁਹਾਡੇ ਵਿੱਚ ਪਤਰਸ) **ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ।

**ਕੁੰਜੀ #3 ਨਵੀਂ ਇਨਸਾਨੀਅਤ ਨੂੰ ਪਹਿਨ ਲਓ**

ਕੇਵਲ ਨਵੀਂ ਇਨਸਾਨੀਅਤ ਹੀ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋ ਸਕਦੀ ਹੈ, ਜਿਵੇਂ ਕਿ ਇਸ ਦੀ ਰਚਨਾ ਧਰਮ ਅਤੇ ਪਵਿੱਤਰਤਾਈ ਵਿੱਚ ਕੀਤੀ ਗਈ ਹੈ।

ਸਾਡੇ ਨਵਾਂ ਜਨਮ ਪ੍ਰਾਪਤ ਕਰਨ ਤੋਂ ਬਾਅਦ **ਸਾਡੇ ਵਿੱਚ ਦੋ ਸੁਭਾਅ ਹੁੰਦੇ ਹਨ**, ਇੱਕ ਨਹੀਂ!

- "**ਪੁਰਾਣੀ ਇਨਸਾਨੀਅਤ**" - ਪੁਰਾਣਾ ਸੁਭਾਅ - ਸ਼ਮਊਨ
  - ✓ ਆਪਣੇ ਹੀ ਲਈ ਜੀਉਂਦਾ ਹੈ
  - ✓ ਸਰੀਰ ਦੇ ਵੱਸ ਵਿੱਚ
  - ✓ ਕਾਮਨਾ ਤੋਂ ਪ੍ਰੇਰਿਤ
  - ✓ ਪਾਪ ਨੂੰ "ਹਾਂ" ਆਖਦਾ

- "**ਨਵੀਂ ਇਨਸਾਨੀਅਤ**" - ਨਵਾਂ ਮਨੁੱਖ - ਪਤਰਸ
  - ✓ ਦੂਸਰਿਆਂ ਲਈ ਜੀਉਂਦਾ
  - ✓ ਆਤਮਾ ਦੁਆਰਾ ਚਲਾਇਆ ਜਾਂਦਾ
  - ✓ ਪਿਆਰ ਦੁਆਰਾ ਪ੍ਰੇਰਿਤ
  - ✓ ਪਰਮੇਸ਼ੁਰ ਨੂੰ "ਹਾਂ" ਆਖਦਾ

**ਚੰਗੀ ਖਬਰ ਇਹ ਹੈ:**
ਸ਼ਤਾਨ "ਨਵੇਂ ਮਨੁੱਖ" / ਸਾਡੇ ਵਿੱਚ ਪਤਰਸ ਨੂੰ ਛੂਹ ਨਹੀਂ ਸਕਦਾ!

- ਯਾਕੂਬ 4:6-7 ਪਰ ਉਹ ਹੋਰ ਵੀ ਕਿਰਪਾ ਕਰਦਾ ਹੈ ਇਸ ਕਾਰਨ ਉਹ ਕਹਿੰਦਾ ਹੈ ਭਈ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ। ਉਪਰੰਤ ਤੁਸੀਂ ਪਰਮੇਸ਼ੁਰ ਦੇ **ਅਧੀਨ ਹੋਵੋ**। ਪਰ ਸ਼ਤਾਨ ਦਾ **ਸਾਹਮਣਾ ਕਰੋ** ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ।
- 1 ਯੂਹੰਨਾ 5:18 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ("ਨਵਾਂ" ਮਨੁੱਖ) ਹੈ ਸੋ ਪਾਪ ਨਹੀਂ ਕਰਦਾ ਸਗੋਂ **ਜਿਹੜਾ** ਪਰਮੇਸ਼ੁਰ ਤੋਂ ਜੰਮਿਆ ("ਨਵਾਂ" ਮਨੁੱਖ ਜਾਂ ਯਿਸੂ) ਸੀ ਉਹ ਉਸ ਦੀ ਰੱਛਿਆ ਕਰਦਾ ਹੈ ਅਤੇ **ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ।**

- ਕਹਾਉਤਾਂ 1:33 ਪਰ **ਜੋ ਮੇਰੀ ਸੁਣਦਾ ਹੈ** ਉਹ **ਸੁਖ ਨਾਲ** ਵੱਸੇਗਾ, ਅਤੇ **ਬਲਾ ਤੋਂ ਨਿਰਭੈ ਹੋ ਕੇ** ਸ਼ਾਂਤੀ ਨਾਲ ਰਹੇਗਾ।

**ਬੁਰੀ ਖਬਰ ਇਹ ਹੈ:**

ਸ਼ਤਾਨ "ਪੁਰਾਣੀ ਇਨਸਾਨੀਅਤ" / ਸਾਡੇ ਵਿੱਚ ਸ਼ਮਊਨ ਉੱਤੇ ਹਮਲਾ ਕਰਦਾ ਹੈ!

**ਅਫਸੀਆਂ 4:17-32** ਆਇਤ 27 **ਅਤੇ ਨਾ ਸ਼ਤਾਨ ਨੂੰ ਥਾਂ ਦਿਓ**!

**ਕਿਹੜੇ ਪਾਪ ਹਨ ਜੋ ਸ਼ਤਾਨ ਨੂੰ ਇੱਕ ਮੌਕਾ ਦਿੰਦੇ ਹਨ?**

ਅਫਸੀਆਂ 4 (17) ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿੱਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ {1} ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੀ ਬੁੱਧ ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ। (18) ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। (19) ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ **ਹਰ ਭਾਂਤ ਦੇ** ਗੰਦੇ ਮੰਦੇ **ਕੰਮ** ਚੌਂਪ ਨਾਲ ਕਰਨ। (20) ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! (21) ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿੱਚ ਹੈ ਤਿਵੇਂ ਉਸ ਵਿੱਚ ਤੁਸੀਂ ਸਿਖਾਏ ਗਏ ਹੋ। (22) ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। (23) ਅਤੇ ਆਪਣੇ **ਮਨ** ਦੇ ਸੁਭਾਉ ਵਿੱਚ **ਨਵੇਂ ਬਣੋ** (24) ਅਤੇ **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ। (25) ਇਸ ਲਈ {2} ਤੁਸੀਂ ਝੂਠ ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੋ ਕਿਉਂ ਜੋ ਅਸੀਂ ਇੱਕ ਦੂਏ ਦੇ ਅੰਗ ਹਾਂ। (26) ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, {3} ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ! (28) ਚੋਰੀ ਕਰਨ ਵਾਲਾ {4} ਅਗਾਹਾਂ ਨੂੰ ਚੋਰੀ ਨਾ ਕਰੇ ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ ਕੁਝ ਉਹ ਦੇ ਕੋਲ ਹੋਵੇ। (29) {5} ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ। (30) ਅਤੇ {6} ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ। (31) ਸਭ {7} ਕੁੜੱਤਣ, ਕ੍ਰੋਧ, ਕੋਪ, ਰੌਲਾ ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ (32) ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ।

**2 ਕੁਰਿੰਥੀਆਂ 2:10-11** ਪਰ ਜਿਹ ਨੂੰ ਤੁਸੀਂ ਕੁਝ **ਮਾਫ਼** ਕਰਦੇ ਹੋ ਮੈਂ ਵੀ ਕਰਦਾ ਹਾਂ . . . (11) **ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ** ਕਿਉਂ ਜੋ ਅਸੀਂ ਉਸ ਦਿਆਂ ਚਾਲਿਆਂ ਤੋਂ ਅਣਜਾਣ ਨਹੀਂ।

- **ਮਾਫ਼ ਨਾ ਕਰਨਾ** ਸ਼ਤਾਨ ਨੂੰ ਇੱਕ ਮੌਕਾ ਦਿੰਦਾ ਹੈ, ਇੱਕ ਖੁੱਲ੍ਹਾ ਦਰਵਾਜ਼ਾ

**ਮੱਤੀ 18:21-35** (32) . . . ਮੈਂ ਤੈਨੂੰ ਉਹ ਸਾਰਾ ਕਰਜ **ਛੱਡ ਦਿੱਤਾ** . . . (33) . . . ਤੈਨੂੰ . . . ਕਰਨੀ ਨਹੀਂ ਸੀ ਚਾਹੀਦੀ? (34) ਅਤੇ ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ **ਦੁੱਖ ਦਾਇਕਾਂ** ਦੇ ਹਵਾਲੇ ਕੀਤਾ।

(NIV– ਜੇਲਰ ਨੇ ਸਤਾਉਣਾ ਸੀ; NAS–ਸਤਾਉਣ ਵਾਲੇ; KJ – ਦੁਖ ਦੇਣ ਵਾਲੇ)

- 1 ਪਤਰਸ 5:8 **ਸੁਚੇਤ** ਹੋਵੋ, **ਜਾਗਦੇ** ਰਹੋ! ਤੁਹਾਡਾ ਵਿਰੋਧੀ **ਸ਼ਤਾਨ** ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ ਪਾੜ ਖਾਵਾਂ**!

- ❖ ਚਿੜੀਆਘਰ ਦੇ ਵਿੱਚ ਹੋਣ ਵਾਂਗ – ਪਿੰਜਰੇ ਦੇ **ਬਾਹਰ ਜਾਂ ਅੰਦਰ** ਖੜ੍ਹੇ ਹੋਣਾ।

- ❖ ਸ਼ੇਰ ਦੇ ਰਾਜ ਵਿੱਚ ਜਾਂ ਵਾੜ ਦੇ ਦੁਆਰਾ ਸੁਰੱਖਿਅਤ ਬਾਹਰ।

**"ਦੁੱਖ ਦੇਣ ਵਾਲਿਆਂ ਦੇ ਹੱਥ" ਦਿੱਤੇ ਜਾਣ ਦੀ ਉਦਾਹਰਣ**

**ਲੂਕਾ 22:31-34** ਹੇ ਸ਼ਮਊਨ, ਸ਼ਮਊਨ! ਵੇਖ, **ਸ਼ਤਾਨ ਨੇ** ਤੁਹਾਨੂੰ **ਮੰਗਿਆ ਹੈ** ਭਈ ਕਣਕ ਦੀ ਤਰਾਂ ਤੁਹਾਨੂੰ **ਫਟਕੇ।** ਪਰ ਮੈਂ ਤੇਰੇ ਲਈ **ਬੇਨਤੀ ਕੀਤੀ** ਹੈ ਜੋ ਤੇਰੀ ਨਿਹਚਾ ਜਾਂਦੀ ਨਾ ਰਹੇ ਅਰ **ਜਾਂ ਤੂੰ ਮੁੜੇ** {ਤੋਬਾ, ਇਹ ਵਿਖਾਉਂਦਾ ਹੈ ਕਿ ਉਸ ਨੇ ਪਾਪ ਕੀਤਾ ਸੀ} ਤਾਂ ਆਪਣਿਆਂ ਭਾਈਆਂ ਨੂੰ ਤਕੜੇ ਕਰੀਂ। ਤਦ ਉਸ ਨੇ ਉਹ ਨੂੰ ਕਿਹਾ, ਪ੍ਰਭੂ ਜੀ ਮੈਂ ਤੇਰੇ ਨਾਲ ਕੈਦ ਵਿੱਚ ਅਤੇ ਮਰਨ ਲਈ ਭੀ ਜਾਣ ਨੂੰ ਤਿਆਰ ਹਾਂ {ਉਹ ਵੇਖੇਗਾ}। ਉਹ ਨੇ ਕਿਹਾ, ਪਤਰਸ ਮੈਂ ਤੈਨੂੰ ਆਖਦਾ ਹਾਂ ਕਿ ਅੱਜ ਕੁੱਕੜ ਬਾਂਗ ਨਾ ਦੇਵੇਗਾ ਜਦ ਤੀਕਰ **ਤੂੰ ਤਿੰਨ ਵਾਰੀ ਮੁੱਕਰ** ਕੇ ਨਾ ਕਹੇਂ ਭਈ ਮੈਂ ਉਹ ਨੂੰ ਨਹੀਂ ਜਾਣਦਾ।

ਸ਼ਤਾਨ ਦੇ ਮੰਗਣ ਦਾ ਕਾਰਨ ਇਹ ਸੀ ਕਿ ਪਤਰਸ ਉਸ ਦੇ ਖੇਤਰ ਵਿੱਚ ਪ੍ਰਵੇਸ਼ ਕਰ ਚੁੱਕਾ ਸੀ:
ਵੇਖੋ ਆਇਤ 24: ਉਨ੍ਹਾਂ ਵਿੱਚ ਇਹ ਤਕਰਾਰ ਵੀ ਹੋਇਆ ਭਈ ਸਾਡੇ ਵਿੱਚੋਂ ਕੌਣ **ਵੱਡਾ ਕਰਕੇ** ਮੰਨੀਦਾ ਹੈ? ਸ਼ਾਇਦ ਪਤਰਸ ਇਹ ਯਾਦ ਕਰਾਉਣ ਦੁਆਰਾ ਕਿ ਕੌਣ ਪਾਣੀ ਉੱਤੇ ਚੱਲਿਆ ਸੀ, ਤਕਰਾਰ ਜਿੱਤ ਗਿਆ ਸੀ। ਘਮੰਡ!

ਨਿਰੀਖਣ:

1. ਸ਼ਤਾਨ ਨੇ ਇਜਾਜ਼ਤ ਲੈਣੀ ਸੀ। ਸ਼ਮਊਨ ਯਿਸੂ ਦਾ ਸੀ।

2. ਕਣਕ ਨੂੰ ਫਟਕਣਾ ਤੂੜੀ (ਜੋ ਵਿਅਰਥ ਹੈ) ਨੂੰ ਹਟਾਉਂਦਾ ਹੈ ਅਤੇ ਬੀਜ ਨੂੰ ਰੱਖਦਾ ਹੈ ਜਿਸ ਦੇ ਵਿੱਚ ਜੀਵਨ ਹੈ।

3. ਯਿਸੂ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੱਤਾ ਜਾਵੇਗਾ – "**ਤੇਰੀ ਨਿਹਚਾ ਜਾਂਦੀ ਨਾ ਰਹੇ**"।

4. ਅਰ ਜਾਂ ਤੂੰ ਮੁੜੇਂ (ਤੋਬਾ ਕੀਤੀ) . . . ਤਕੜੇ ਕਰੀਂ **ਉਸ ਨੇ ਆਪਣੀ ਸੇਵਾ ਨੂੰ ਨਹੀਂ ਗੁਆਇਆ।** ਰੋਮੀਆਂ 11:29 ਕਿਉਂ ਜੋ ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟਲ ਹਨ।

5. ਪੁਰਾਣੇ ਸੁਭਾਅ ਦੇ ਚੰਗੇ ਇਰਾਦੇ ਆਮ ਮਸੀਹੀ ਜੀਵਨ ਜੀਉਣ ਦੇ ਲਈ **ਕਾਫ਼ੀ ਨਹੀਂ ਹਨ।** ਤੁਹਾਨੂੰ ਪੁਰਾਣੇ ਨੂੰ ਉਤਾਰਨਾ ਅਤੇ ਨਵੇਂ ਪਹਿਨਣਾ ਚਾਹੀਦਾ ਹੈ

6. ਮੱਤੀ 10:33 ਨਾਲ ਤੁਲਨਾ ਕਰੋ ਪਰ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇਨਕਾਰ ਕਰਾਂਗਾ।

    - ਯਿਸੂ ਨੇ ਪਿਤਾ ਦੇ ਸਾਹਮਣੇ ਉਸ ਦਾ ਇਨਕਾਰ ਨਹੀਂ ਕੀਤਾ, ਉਹ ਨੇ ਉਸ ਲਈ ਪ੍ਰਾਰਥਨਾ ਕੀਤੀ।

    - ਇਸ ਲਈ ਕੇਵਲ ਸਹੀ ਸਮਝ ਇਹ ਹੋ ਸਕਦੀ ਹੈ:
      ਇਨਕਾਰ ਕਰਨਾ ਮਨ ਤੋਂ ਹੈ ਅਤੇ ਮੂੰਹ ਜਾਂ ਕੰਮਾਂ ਤੋਂ ਨਹੀਂ ਹੈ।

7. ਜੇਕਰ ਤੁਸੀਂ ਪਾਪ ਕਰੋ – ਤੁਹਾਨੂੰ ਤੇਜ਼ ਦੌੜ ਕੇ ਯਿਸੂ ਕੋਲ ਆਉਣਾ ਚਾਹੀਦਾ ਹੈ ਅਤੇ ਆਪਣੇ ਪਾਪਾਂ ਦਾ ਅੰਗੀਕਾਰ ਕਰਨਾ ਚਾਹੀਦਾ ਹੈ – ਅਤੇ ਸ਼ਤਾਨ ਨੂੰ ਹਰਾਉਣਾ ਚਾਹੀਦਾ ਹੈ, ਇਸ ਤੋਂ ਪਹਿਲਾਂ ਕਿ ਉਹ ਆਪਣੇ ਜਾਇਜ਼ ਅਧਿਕਾਰ ਦੀ ਮੰਗ ਕਰੇ ਕਿਉਂਕਿ ਪਾਪ ਉਸ ਦਾ ਰਾਜ ਹੈ।

**ਲੂਕਾ 22:54-62** (56) ਇੱਕ ਗੋੱਲੀ ਨੇ ਉਹ ਨੂੰ ਅੱਗ ਦੀ ਲੋ ਵਿੱਚ ਬੈਠਾ ਵੇਖਿਆ ਅਤੇ ਉਹ ਨੂੰ ਧਿਆਨ ਨਾਲ ਵੇਖ ਕੇ ਬੋਲੀ, ਇਹ ਭੀ ਉਹ ਦੇ ਨਾਲ ਸੀ। (57) **ਪਰ ਉਹ ਮੁੱਕਰ ਗਿਆ** ਅਤੇ ਕਿਹਾ, ਹੇ ਤ੍ਰੀਮਤ, ਮੈਂ ਉਹ ਨੂੰ ਜਾਣਦਾ ਹੀ ਨਹੀਂ! (58) ਜ਼ਰਾਕੁ ਪਿੱਛੋਂ ਕਿਸੇ ਹੋਰ ਨੇ ਉਹ ਨੂੰ ਵੇਖ ਕੇ ਕਿਹਾ, ਤੂੰ ਵੀ ਉਨ੍ਹਾਂ ਹੀ ਵਿੱਚੋਂ ਹੈਂ, **ਪਰ ਪਤਰਸ ਨੇ ਆਖਿਆ, ਸ਼ਖ਼ਸਾ ਮੈਂ ਨਹੀਂ ਹਾਂ!** (59) ਇੱਕ ਘੜੀਕੁ ਮਗਰੋਂ ਕਿਸੇ ਹੋਰ ਨੇ ਪੱਕ ਕਰ ਕੇ ਕਿਹਾ ਕਿ ਸੱਚੀ ਮੁੱਚੀ ਇਹ ਉਸ ਦੇ ਨਾਲ ਸੀ ਕਿਉਂ ਜੋ ਇਹ ਗਲੀਲੀ ਹੈ। (60) ਪਰ ਪਤਰਸ ਨੇ ਆਖਿਆ, **ਸ਼ਖ਼ਸਾ ਮੈਨੂੰ ਪਤਾ ਨਹੀਂ ਭਈ ਤੂੰ ਕੀ ਆਖਦਾ ਹੈਂ!** ਅਤੇ ਅਜੇ ਓਹ ਬੋਲਦਾ ਹੀ ਸੀ ਕਿ ਝੱਟ ਕੁੱਕੜ ਨੇ ਬਾਂਗ ਦਿੱਤੀ। (61) ਤਾਂ ਪ੍ਰਭੂ ਨੇ ਮੁੜ ਕੇ ਪਤਰਸ ਵੱਲ ਨਿਗਾਹ ਕੀਤੀ। ਤਦੋਂ ਪਤਰਸ ਨੂੰ ਪ੍ਰਭੂ ਦੀ ਗੱਲ ਚੇਤੇ ਆਈ ਜੋ ਉਸ ਨੇ ਉਹ ਨੂੰ ਕਹੀ ਸੀ ਭਈ ਅੱਜ ਕੁੱਕੜ ਦੇ ਬਾਂਗ ਦੇਣ ਤੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ। (62) ਅਰ ਉਹ ਬਾਹਰ ਗਿਆ ਅਤੇ ਭੁੱਬਾਂ ਮਾਰ ਕੇ ਰੋਇਆ। **ਇਹ ਤੋਬਾ ਹੈ।**

ਸ਼ਮਊਨ **ਪਰਮੇਸ਼ੁਰ ਦਾ ਇਨਕਾਰ ਕਰ ਚੁੱਕਾ** ਸੀ – ਉਹ ਨੂੰ ਮਰਦੇ ਵੇਖਿਆ ਅਤੇ ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਹਾਰ ਚੁੱਕਿਆ ਮਹਿਸੂਸ ਕੀਤਾ। ਸੋਚਿਆ ਕਿ ਉਸ ਦਾ ਇਨਕਾਰ ਕਰ ਦਿੱਤਾ ਗਿਆ ਸੀ -> ਸ਼ਮਊਨ ਆਪਣੇ ਪੁਰਾਣੇ ਜੀਵਨ ਵੱਲ ਵਾਪਸ ਜਾ ਰਿਹਾ ਸੀ।

**ਯੂਹੰਨਾ 21:3** ਸ਼ਮਊਨ ਪਤਰਸ ਨੇ ਉਨ੍ਹਾਂ ਨੂੰ ਆਖਿਆ, **ਮੈਂ ਮੱਛੀਆਂ ਫੜਨ ਨੂੰ ਜਾਂਦਾ ਹਾਂ।** ਉਨ੍ਹਾਂ ਉਸ ਨੂੰ ਕਿਹਾ, ਅਸੀਂ ਭੀ ਤੇਰੇ ਨਾਲ ਚੱਲਦੇ ਹਾਂ।

**ਯੂਹੰਨਾ 21:15-17** ਸੋ ਜਾਂ ਓਹ ਖਾ ਹਟੇ ਤਾਂ ਯਿਸੂ ਨੇ ਸ਼ਮਊਨ ਪਤਰਸ ਨੂੰ ਆਖਿਆ, **ਹੇ ਸ਼ਮਊਨ ਯੂਹੰਨਾ ਦੇ ਪੁੱਤਰ ਕੀ ਤੂੰ ਮੈਨੂੰ** ਇਨ੍ਹਾਂ ਨਾਲੋਂ ਵੱਧ **ਪਿਆਰ ਕਰਦਾ ਹੈਂ?** ਉਨ ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਓਨ ਉਹ ਨੂੰ ਕਿਹਾ, ਮੇਰੇ ਲੇਲਿਆਂ ਨੂੰ ਚਾਰ। (16) ਉਸ ਨੇ ਫੇਰ ਦੂਜੀ ਵਾਰ ਉਹ ਨੂੰ ਕਿਹਾ, **ਹੇ ਸ਼ਮਊਨ ਯੂਹੰਨਾ ਦੇ ਪੁੱਤਰ ਕੀ ਤੂੰ ਮੈਨੂੰ ਪਿਆਰ ਕਰਦਾ ਹੈਂ?** ਓਨ ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਉਸ ਨੇ ਉਹ ਨੂੰ ਕਿਹਾ, ਮੇਰੀਆਂ ਭੇਡਾਂ ਦੀ ਰੱਛਿਆ ਕਰ। (17) ਉਸ ਨੇ ਤੀਜੀ ਵਾਰ ਉਹ ਨੂੰ ਕਿਹਾ, **ਹੇ ਸ਼ਮਊਨ ਯੂਹੰਨਾ ਦੇ ਪੁੱਤਰ ਕੀ ਤੂੰ ਮੇਰੇ ਨਾਲ ਹਿਤ ਕਰਦਾ ਹੈਂ?** ਪਤਰਸ ਉਦਾਸ ਹੋਇਆ ਇਸ ਲਈ ਜੋ ਉਸ ਨੇ ਤੀਜੀ ਵਾਰ ਉਹ ਨੂੰ ਕਿਹਾ, ਕੀ ਤੂੰ ਮੇਰੇ ਨਾਲ ਹਿਤ ਕਰਦਾ ਹੈਂ? ਅਤੇ ਉਸ ਨੂੰ ਆਖਿਆ, ਪ੍ਰਭੂ ਜੀ ਤੂੰ ਸਭ ਜਾਣੀ ਜਾਣ ਹੈ। ਤੈਨੂੰ ਮਲੂਮ ਹੈ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਯਿਸੂ ਨੇ ਉਹ ਨੂੰ ਆਖਿਆ, ਮੇਰੀਆਂ ਭੇਡਾਂ ਨੂੰ ਚਾਰ।

- ਤਿੰਨ ਵਾਰ ਪਰਮੇਸ਼ੁਰ ਦਾ ਇਨਕਾਰ ਕੀਤਾ – ਤਿੰਨ ਵਾਰ ਇਕਰਾਰ ਕੀਤਾ ਕਿ ਉਹ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ

ਸ਼ਮਊਨ ਨੂੰ ਹੁਣ ਕਣਕ ਵਾਂਗ ਫਟਕਿਆ ਜਾ ਚੁੱਕਾ ਸੀ -> ਇੱਕ ਵੱਡਾ ਸਬਕ ਸਿੱਖਿਆ -> ਆਪਣੀ ਸੇਵਾ ਨੂੰ ਨਹੀਂ ਗੁਆਇਆ (ਰੋਮੀਆਂ 11:29)

ਹੁਣ ਉਹ ਇਹ ਸੀ: > ਪਿਆਰ ਦੁਆਰਾ ਪ੍ਰੇਰਿਤ > ਆਤਮਾ ਦੇ ਦੁਆਰਾ ਚਲਾਇਆ ਜਾਂਦਾ > ਦੂਸਰਿਆਂ ਲਈ ਜੀਉਂਦਾ

**ਜਾਂ** ਤਾਂ ਤੁਸੀਂ ਪੁਰਾਣੇ ਨੂੰ ਬਾਹਰ ਕੱਢੋ ਜਾਂ ਦੁਸ਼ਟ ਕਰੇਗਾ !

ਪ੍ਰਸ਼ਨ ਇਹ ਹੈ – ਕਿਵੇਂ ਅਸੀਂ ਨਵੇਂ ਮਨੁੱਖ ਨੂੰ "ਪਹਿਨਦੇ" ਹਾਂ?

1. ਇਹ ਇੱਕ ਸੰਘਰਸ਼ ਹੈ, ਇੱਕ ਲੜਾਈ:

ਯਿਸੂ ਨੇ ਕਿਹਾ: ਅਰ ਸਚਿਆਈ ਨੂੰ **ਜਾਣੋਗੇ** ਅਤੇ ਸਚਿਆਈ ਤੁਹਾਨੂੰ **ਅਜ਼ਾਦ** ਕਰੇਗੀ।
ਯੂਹੰਨਾ 8:32

- ਅਜ਼ਾਦੀ ਸੱਚਾਈ ਨੂੰ ਜਾਣਨ ਨਾਲ ਸ਼ੁਰੂ ਹੁੰਦੀ ਹੈ।

ਹੋਸ਼ੇਆ 4:6 ਮੇਰੀ ਪਰਜਾ ਗਿਆਨ ਬਹੂਣੀ ਨਾਸ ਹੁੰਦੀ ਹੈ।

- ਕੀ ਇਹ ਹੋ ਸਕਦਾ ਹੈ ਕਿ ਇਸੇ ਕਾਰਨ ਤੁਹਾਨੂੰ ਸਮੱਸਿਆਵਾਂ ਹਨ?
- ਜਾਂ ਤਾਂ ਤੁਸੀਂ ਸੱਚਾਈ ਨੂੰ ਜਾਣਦੇ ਨਹੀਂ ਹੋ -ਜਾਂ- ਤੁਸੀਂ ਆਗਿਆਕਾਰੀ ਨਹੀਂ ਕਰਦੇ।

ਜੇ ਤੁਸੀਂ ਨਹੀਂ ਜਾਣਦੇ, ਉਹ ਨਿਸ਼ਚਿਤ ਹੀ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ
ਇੱਥੇ ਇੱਕ ਮਹੱਤਵਪੂਰਣ **ਸੱਚਾਈ** ਹੈ ਕਿ ਤੁਹਾਨੂੰ ਅੰਧਕਾਰ ਦੇ ਰਾਜ ਵਿੱਚੋਂ ਬਾਹਰ ਆਉਣ ਲਈ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਜਾਣ ਲਈ **ਜਾਣਨਾ** ਚਾਹੀਦਾ ਹੈ **ਅਤੇ ਆਗਿਆਕਾਰੀ ਕਰਨੀ** ਚਾਹੀਦੀ ਹੈ।

**ਅਫਸੀਆਂ 4** (17) ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੁ ਵਿੱਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ {1} ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ **ਆਪਣੀ ਬੁੱਧ ਦੇ ਵਿਰਥਾਪੁਣੇ** ਨਾਲ ਚੱਲਦੀਆਂ ਹਨ। (18) ਉਨ੍ਹਾਂ ਦੀ **ਬੁੱਧ** ਅਨ੍ਹੇਰੀ ਹੋਈ ਹੋਈ ਹੈ ਅਤੇ ਉਸ **ਅਗਿਆਨ** ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। (19) ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ। (20) ਪਰ ਤੁਸਾਂ ਮਸੀਹ ਦੀ ਅਜਿਹੀ **ਸਿੱਖਿਆ** ਨਾ ਪਾਈ! (21) ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿੱਚ ਹੈ ਤਿਵੇਂ ਉਸ ਵਿੱਚ ਤੁਸੀਂ **ਸਿਖਾਏ ਗਏ** ਹੋ। (22) ਭਈ ਤੁਸੀਂ ਅਗਲੇ ਚਲਣ ਦੀ ਉਸ {2} **ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। (23) ਅਤੇ ਆਪਣੇ **ਮਨ** ਦੇ ਸੁਭਾਉ ਵਿੱਚ **ਨਵੇਂ ਬਣੋ** (24) ਅਤੇ {3} **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ।

ਸਾਡੇ ਮਨ / ਸਮਝ ਉੱਤੇ ਜ਼ੋਰ ਦਿੱਤਾ ਗਿਆ ਹੈ
ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਵਿੱਚ ਜੀਵਨ ਕੀ ਜਾਣਦੇ ਹੋ ਅਤੇ ਅਸਲੀਅਤ ਬਣਾਉਂਦੇ ਹੋ।

ਸਾਡੇ ਮਨ ਨੂੰ ਆਤਮਿਕ ਸੱਚਾਈ ਵਿੱਚ ਨਵੇਂ ਕੀਤੇ ਜਾਣ ਦੀ ਲੋੜ ਹੈ। ਤਦ ਹੀ ਅਸੀਂ "**ਨਵੀਂ ਇਨਸਾਨੀਅਤ ਨੂੰ ਪਹਿਨ**" ਸਕਦੇ ਹਾਂ (ਆਇਤ 23)।

ਰੋਮੀਆਂ 6:1-10 (1) ਹੁਣ ਅਸੀਂ ਕੀ ਆਖੀਏ? ਕੀ ਪਾਪ ਕਰਨ ਵਿੱਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ? (2) ਕਦੇ ਨਹੀਂ! ਅਸੀਂ ਜਿਹੜੇ **ਪਾਪ ਦੀ ਵੱਲੋਂ ਮੋਏ** ਹੁਣ ਅਗਾਹਾਂ ਨੂੰ ਓਸ ਵਿੱਚ ਕਿੱਕੁਰ ਜੀਵਨ ਕੱਟੀਏ? (3) ਅਥਵਾ ਤੁਸੀਂ ਇਸ ਗੱਲ ਤੋਂ **ਅਣਜਾਣ** ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ (ਵਿੱਚ ਰੱਖਿਆ) **ਉਹ ਦੀ ਮੌਤ ਦਾ ਬਪਤਿਸਮਾ ਲਿਆ** (ਰੱਖਿਆ)? (4) ਸੋ ਅਸੀਂ **ਮੌਤ ਦਾ** ਬਪਤਿਸਮਾ ਲੈਣ (ਰੱਖਿਆ) ਕਰਕੇ **ਉਹ ਦੇ**

**ਨਾਲ ਦੱਬੇ ਗਏ** ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ **ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ।** (5) ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿੱਚ **ਉਹ ਦੇ ਨਾਲ ਜੋੜੇ ਗਏ** ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿੱਚ ਵੀ ਹੋਵਾਂਗੇ। (6) ਕਿਉਂ ਜੋ ਅਸੀਂ **ਇਹ ਜਾਣਦੇ ਹਾਂ**

{**ਕਦਮ** #1} ਜੋ ਸਾਡੀ **ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ** ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ। (7) **ਕਿਉਂਕਿ ਜਿਹੜਾ ਮੋਇਆ ਉਹ ਪਾਪ** (ਹਰਾਮਕਾਰੀ, ਬੁਰੇ ਵਿਚਾਰ, ਕਾਮਨਾ ਦੇ ਅਨੰਦ ਲਈ ਕਾਹਲੀ) **ਤੋਂ ਛੁੱਟ ਕੇ** ਧਰਮੀ ਠਹਿਰਾਇਆ ਗਿਆ। (8) ਪਰੰਤੂ ਜਦੋਂ ਅਸੀਂ ਮਸੀਹ ਦੇ ਨਾਲ ਮੋਏ ਤਾਂ ਸਾਨੂੰ ਨਿਹਚਾ ਹੈ ਜੋ ਉਹ ਦੇ ਨਾਲ ਜੀਵਾਂਗੇ ਭੀ। (9) ਕਿਉਂ ਜੋ ਅਸੀਂ ਇਹ **ਜਾਣਦੇ** ਹਾਂ ਭਈ ਮਸੀਹ ਜੋ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਫੇਰ ਨਹੀਂ ਮਰਦਾ। ਅਗਾਹਾਂ ਨੂੰ ਮੌਤ ਦਾ ਓਸ ਉੱਤੇ ਵੱਸ ਨਹੀਂ। (10) ਜਿਹੜੀ ਮੌਤ ਉਹ ਮੋਇਆ ਉਹ ਪਾਪ ਦੇ ਕਾਰਨ **ਇੱਕੋ ਵਾਰ** ਮੋਇਆ ਪਰ ਜਿਹੜਾ ਜੀਵਨ ਉਹ ਜੀਉਂਦਾ ਉਹ ਪਰਮੇਸ਼ੁਰ ਦੇ ਕਾਰਨ ਜੀਉਂਦਾ ਹੈ।

ਉਸ ਨੇ ਸਾਡਾ ਸਥਾਨ ਲਿਆ – ਉਸ ਨੇ ਸਾਡੇ ਲਈ ਇਹ ਕੀਤਾ – ਉਹ ਸਾਡਾ ਬਦਲ ਹੈ

- 2 ਕੁਰਿੰਥੀਆਂ 5:14-15 ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ **ਇੱਕ ਸਭਨਾਂ ਦੇ ਲਈ ਮੋਇਆ** ਇਸੇ ਕਰਕੇ **ਸੱਭੇ ਮੋਏ।** ਅਤੇ ਉਹ ਸਭਨਾਂ ਦੇ ਲਈ ਮੋਇਆ **ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ** ਸਗੋਂ **ਉਹ ਦੇ ਲਈ ਜੀਉਣ** ਜਿਹੜਾ **ਉਨ੍ਹਾਂ ਦੇ ਲਈ** ਮੋਇਆ ਅਤੇ ਫੇਰ ਜੀ ਉੱਠਿਆ।

- ਰੋਮੀਆਂ 5:8 ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ।**

- ਯਸਾਯਾਹ 53:5 ਪਰ ਉਹ **ਸਾਡੇ** ਅਪਰਾਧਾਂ ਲਈ ਘਾਇਲ ਕੀਤਾ ਗਿਆ, **ਸਾਡੀਆਂ** ਬਦੀਆਂ ਦੇ ਕਾਰਨ ਕੁਚਲਿਆ ਗਿਆ, **ਸਾਡੀ** ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ **ਅਸੀਂ ਨਰੋਏ ਕੀਤੇ ਗਏ।**

ਅਸੀਂ ਲਾਭ ਪ੍ਰਾਪਤ ਕਰਦੇ ਹਾਂ!

ਉਸ ਨੇ ਸਾਡਾ ਸਥਾਨ ਲਿਆ – ਉਸ ਨੇ ਸਾਡੇ ਲਈ ਇਹ ਕੀਤਾ – ਉਹ ਸਾਡਾ ਬਦਲ ਹੈ

ਜੇਕਰ ਉਸ ਨੇ ਇਹ ਸਾਡੇ ਲਈ ਕੀਤਾ, ਪਰਮੇਸ਼ੁਰ ਸਾਨੂੰ ਵੇਖਦਾ ਹੈ: ਮੁਰਦੇ -> ਵਿੰਨ੍ਹਿਆ -> ਕੁਚਲੇ ਹੋਏ -> ਸਜ਼ਾ ਪਾਏ ਹੋਏ -> ਚੰਗੇ ਕੀਤੇ ਹੋਏ!

ਗਲਾਤੀਆਂ 2:20 ਮੈਂ ਮਸੀਹ ਦੇ ਲਈ ਸਲੀਬ **ਦਿੱਤਾ ਗਿਆ ਹਾਂ** ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ **ਮੇਰੇ ਨਾਲ ਪ੍ਰੇਮ ਕੀਤਾ** ਅਤੇ **ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।**

ਯਿਸੂ ਮਸੀਹ ਦੀ ਸਲੀਬ -> ਤੁਹਾਡੀ ਸਲੀਬ ਵੀ ਹੈ !

- ਉਸ ਨੇ ਸਾਡੇ ਪਾਪ ਦੇ ਨਤੀਜਿਆਂ ਨੂੰ ਝੱਲਿਆ

- ਉਸ ਨੇ ਸਾਡੇ ਲਈ, ਸਾਡੇ ਪਾਪ ਲਈ ਭੁਗਤਾਨ ਕੀਤਾ – ਸਾਨੂੰ ਅਜ਼ਾਦ ਕਰਨ ਲਈ

ਇਸ ਲਈ ਸਾਡੇ ਵਿੱਚੋਂ ਕਿਸੇ ਨੂੰ ਵੀ ਕੈਦ ਦੇ ਵਿੱਚ ਕਿਉਂ ਰਹਿਣਾ ਜਾਰੀ ਰੱਖਣਾ ਚਾਹੀਦਾ ਹੈ – ਪਾਪ ਦੇ ਨਤੀਜਿਆਂ ਨੂੰ ਝੱਲਣਾ?

ਉਸ ਨੇ ਦਰਵਾਜ਼ੇ ਖੋਲ੍ਹੇ ਹਨ – ਤੁਸੀਂ ਬਾਹਰ ਜਾ ਸਕਦੇ ਹੋ – ਇੱਕ ਅਜ਼ਾਦ ਮਨੁੱਖ – ਪਾਪ ਅਤੇ ਇਸ ਦੀ ਤਬਾਹੀ ਤੋਂ ਅਜ਼ਾਦ!

**ਗਲਾਤੀਆਂ 5:1** ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ। ਇਸ ਲਈ ਦ੍ਰਿੜ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁਪੋ।

**ਰੋਮੀਆਂ 6:16-19** ਭਲਾ, ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ **ਤੁਸੀਂ** ਉਸੇ ਦੇ **ਦਾਸ ਹੋ** ਜਿਹ ਦੀ ਆਗਿਆ ਮੰਨਦੇ ਹੋ {1} ਭਾਵੇਂ ਮੌਤ ਲਈ **ਪਾਪ** ਦੇ, {2} ਭਾਵੇਂ ਧਰਮ ਲਈ **ਆਗਿਆਕਾਰੀ** ਦੇ। (17) ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ **ਸਿੱਖਿਆ** ਦੇ ਸੰਚੇ ਵਿੱਚ ਢਾਲੇ ਗਏ ਤੁਸੀਂ ਮਨੋਂ ਉਹ ਦੇ **ਆਗਿਆਕਾਰ** ਹੋ ਗਏ। (18) ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ।

“ਸਿੱਖਿਆ ਲਈ ਆਗਿਆਕਾਰੀ” ਕਿਵੇਂ?

ਕਦਮ #2 **ਰੋਮੀਆਂ** 6:11 {#2} **ਇਸੇ ਤਰ੍ਹਾਂ ਤੁਸੀਂ ਭੀ ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ** ਪਰ ਮਸੀਹ ਯਿਸੂ ਵਿੱਚ **ਪਰਮੇਸ਼ੁਰ ਲਈ ਜੀਉਂਦੇ** ਸਮਝੋ।

**ਸਮਝੋ**

- ਭਰੋਸਾ ਕਰਨ ਲਈ – ਗਿਣਨ ਲਈ – ਦੇ ਸਬੰਧ ਲਈ।
- ਸੱਚਾਈ ਨੂੰ ਇੱਕ ਅਸਲੀਅਤ ਬਣਾਓ – ਇਸ ਨੂੰ ਆਪਣਾ ਬਣਾਓ!
- ਇਸ ਉੱਤੇ ਕੰਮ ਕਰੋ। ਇਸ ਦੇ ਅਨੁਸਾਰ ਜੀਵਨ ਗੁਜ਼ਾਰੋ।
- ਸਲੀਬ ਉੱਤੇ ਤੁਹਾਡੇ ਲਈ ਪੂਰੇ ਕੀਤੇ ਗਏ ਯਿਸੂ ਮਸੀਹ ਦੇ ਕੰਮ ਨੂੰ ਨਜ਼ਰਅੰਦਾਜ਼ ਨਾ ਕਰੋ।
- ਯਿਸੂ ਨੇ ਇਹ ਤੁਹਾਡੇ ਲਈ ਕੀਤਾ – ਤੁਹਾਨੂੰ ਅਜ਼ਾਦ ਕਰਨ ਲਈ।
- ਇਹ ਉਸ ਦੇ ਲਈ ਦੁੱਖ ਦੀ ਗੱਲ ਹੈ ਕਿ ਜੋ ਉਸ ਨੇ ਸਾਡੇ ਲਈ ਪ੍ਰਾਪਤ ਕਰਨ ਲਈ ਵੱਡਾ ਮੁੱਲ ਭਰਿਆ, ਅਸੀਂ ਉਸ ਦੀ ਪੂਰੀ ਵਰਤੋਂ ਨਾ ਕਰੀਏ।
- ਤੁਹਾਨੂੰ ਇਸ ਸੱਚਾਈ ਨੂੰ ਆਤਮਿਕ ਅੱਖਾਂ ਨਾਲ ਵੇਖਣਾ ਚਾਹੀਦਾ ਹੈ!
- ਇੱਕ ਅੰਦਰੂਨੀ ਨਜ਼ਰੀਏ ਨਾਲ ਵੇਖਣਾ।
- ਆਪਣੇ ਆਪ ਨੂੰ ਉਸ ਤਰ੍ਹਾਂ ਵੇਖਣਾ ਜਿਵੇਂ ਤੁਹਾਨੂੰ ਪਰਮੇਸ਼ੁਰ ਵੇਖਦਾ ਹੈ।

ਪਰਮੇਸ਼ੁਰ ਦੇ ਰਾਜ ਦੀ ਭਰਪੂਰੀ ਅਤੇ ਬਰਕਤਾਂ ਵਿੱਚ ਚੱਲਣ ਲਈ ਤੁਹਾਨੂੰ ਵਿਸ਼ਵਾਸ ਦਾ ਇਹ ਕਦਮ ਲੈਣਾ ਚਾਹੀਦਾ ਹੈ ਅਤੇ ਵਿਸ਼ਵਾਸ ਦੇ ਪੱਧਰ ਵਿੱਚ ਚੱਲਣਾ ਚਾਹੀਦਾ ਹੈ।

ਉਦਾਹਰਣਾਂ:

1. ਤੁਸੀਂ ਇੱਕ ਚਿੱਠੀ ਪ੍ਰਾਪਤ ਕਰਦੇ ਹੋ ਕਿ ਤੁਹਾਨੂੰ ਵਿਰਸੇ ਵਿੱਚ ਇੱਕ ਮਿਲੀਅਨ ਡਾਲਰ ਮਿਲੇ ਹਨ। ਤੁਸੀਂ ਜਾਣਦੇ ਹੋ ਕਿ ਇਹ ਤੁਹਾਡੇ ਹਨ। ਪਰ ਤੁਹਾਨੂੰ ਇਸ ਨੂੰ ਆਪਣਾ ਬਣਾਉਣਾ ਜ਼ਰੂਰੀ ਹੈ। ਜਾਓ ਇਸ ਨੂੰ ਲੈ ਲਵੋ।

2. ਤੁਹਾਡੀ ਤਨਖਾਹ ਦੇ ਚੈੱਕ ਉਦੋਂ ਤੱਕ ਕਿਸੇ ਕੰਮ ਦੇ ਨਹੀਂ ਹਨ ਜਦੋਂ ਤੱਕ ਤੁਸੀਂ ਰੋਕੜਾ ਪ੍ਰਾਪਤ ਨਹੀਂ ਕਰਦੇ।

3. ਤੁਹਾਡਾ ਪਿਤਾ ਤੁਹਾਨੂੰ ਇੱਕ ਨਵੀ ਕਾਰ ਲੈ ਕੇ ਦਿੰਦਾ ਹੈ ਅਤੇ ਤੁਸੀਂ ਇਸ ਨੂੰ ਕਦੇ ਵੀ ਨਹੀਂ ਚਲਾਉਂਦੇ। ਤੁਹਾਡੀ ਇੱਕ ਜਾਇਦਾਦ ਦੂਸਰੇ ਸ਼ਹਿਰ ਵਿੱਚ ਹੈ ਪਰ ਤੁਸੀਂ ਉੱਥੇ ਕਦੇ ਨਹੀਂ ਜਾਂਦੇ। ਤੁਹਾਡਾ ਪਿਤਾ ਕਿਵੇਂ ਦਾ ਮਹਿਸੂਸ ਕਰੇਗਾ?

ਯਿਸੂ ਨੇ ਕਿਹਾ: **ਰੋਜ਼ ਆਪਣੀ ਸਲੀਬ ਚੁੱਕ।**

ਲੂਕਾ 9:23-24 ਜੇ ਕੋਈ **ਮੇਰੇ ਪਿੱਛੇ ਆਉਣਾ** ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ ਰੋਜ਼ **ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ।

ਆਪਣੇ ਅਤੇ ਉਸ ਦੇ ਇਸ ਨੂੰ ਜੀਓ: ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ !

- ਜੋ ਪਿਆਰ ਨਾਲ ਸ਼ੁਰੂ ਹੁੰਦਾ ਹੈ ਉਹ ਜੀਵਨ ਨਾਲ ਖਤਮ ਹੁੰਦਾ ਹੈ। (ਯੂਹੰਨਾ 3:16)
- ਪਰ ਵਿਚਕਾਰ ਮੌਤ ਹੈ!
- ਪਿਆਰ ਆਪਣੇ ਲਈ ਮੌਤ ਦਾ ਅਨੁਭਵ ਕਰੇਗਾ ਅਤੇ ਫਿਰ ਤੁਹਾਡੇ ਅਤੇ ਉਨ੍ਹਾਂ ਲਈ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਜੀਵਨ ਦਾ।
- ਸੱਚਾ ਪਿਆਰ ਹਮੇਸ਼ਾ ਬਲੀਦਾਨ ਦਿੰਦਾ ਹੈ।

- ਆਤਮਿਕ ਜੀਵਨ ਵਿੱਚ ਕੇਵਲ ਮੌਤ ਦੇ ਦੁਆਰਾ ਹੀ ਪ੍ਰਵੇਸ਼ ਕੀਤਾ ਜਾ ਸਕਦਾ ਹੈ।

ਯੂਹੰਨਾ 12:24 ਮੈਂ ਤੁਹਾਨੂੰ **ਸੱਚ ਸੱਚ** ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ **ਜੇ ਮਰੇ** ਤਾਂ **ਬਹੁਤ ਸਾਰਾ ਫਲ** ਦਿੰਦਾ।

ਪੌਲੁਸ ਰੋਮੀਆਂ, ਪਰਾਈਆਂ ਕੌਮਾਂ ਅਤੇ ਕੁਲੁੱਸੀਆਂ ਲਈ ਵੀ ਇਸ ਸੱਚਾਈ ਉੱਤੇ ਜ਼ੋਰ ਦਿੰਦਾ ਹੈ।

ਕੁਲੁੱਸੀਆਂ 3:1-11 ਸੋ ਜੇ **ਤੁਸੀਂ** ਮਸੀਹ ਦੇ ਨਾਲ **ਜਿਵਾਏ ਗਏ** ਤਾਂ **ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ** ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ। (2) **ਉਤਾਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ,** ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ। (3) **ਕਿਉਂ ਜੋ ਤੁਸੀਂ ਮੋਏ** ਅਤੇ ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ੁਰ ਵਿੱਚ ਗੁਪਤ (ਲੁਕਿਆ) ਹੋਇਆ ਹੈ। (4) ਜਿਸ ਵੇਲੇ ਮਸੀਹ ਜੋ ਸਾਡਾ ਜੀਵਨ ਹੈ ਪਰਗਟ ਕੀਤਾ ਜਾਵੇਗਾ ਉਸ ਵੇਲੇ ਤੁਸੀਂ ਵੀ ਉਹ ਦੇ ਨਾਲ ਤੇਜ ਵਿੱਚ ਪਰਗਟ ਕੀਤੇ ਜਾਓਗੇ। (5) ਇਸ ਲਈ ਤੁਸੀਂ **ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ** ਅਰਥਾਤ

ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ। (6) **ਕਿਉਂ ਜੋ ਇਨ੍ਹਾਂ ਗੱਲਾਂ ਦੇ ਕਾਰਨ ਪਰਮੇਸ਼ੁਰ ਦਾ ਕ੍ਰੋਧ** ਅਣਆਗਿਆਕਾਰੀ ਦੇ ਪੁੱਤਰਾਂ ਉੱਤੇ **ਪੈਂਦਾ ਹੈ।** (7) ਜਿਨ੍ਹਾਂ ਦੇ ਰਾਹ ਤੁਸੀਂ ਵੀ ਅੱਗੇ ਚੱਲਦੇ ਸਾਓ ਜਿਸ ਵੇਲੇ ਉਨ੍ਹਾਂ ਵਿੱਚ ਜੀਉਂਦੇ ਸਾਓ। (8) ਪਰ ਹੁਣ **ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ** ਅਰਥਾਤ ਕੋਪ, ਕ੍ਰੋਧ, ਬਦੀ, ਦੁਰਬਚਨ, ਅਤੇ ਆਪਣੇ ਮੂੰਹੋਂ ਗੰਦੀਆਂ ਗਾਲਾਂ ਕੱਢਣੀਆਂ **ਛੱਡ ਦਿਓ।** (9) ਇੱਕ ਦੂਏ ਨਾਲ **ਝੂਠ ਨਾ ਮਾਰੋ ਕਿਉਂ ਜੋ ਤੁਸਾਂ ਪੁਰਾਣੀ ਇਨਸਾਨੀਅਤ ਨੂੰ** ਉਹ ਦੀਆਂ ਕਰਨੀਆਂ ਸਣੇ **ਲਾਹ ਸੁੱਟਿਆ।** (10) ਅਤੇ **ਨਵੀਂ ਨੂੰ ਪਹਿਨ ਲਿਆ** ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ।

ਕਦਮ #3 **ਰੋਮੀਆਂ 6:12-14** ਉਪਰੰਤ ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ **ਨਾ ਕਰੇ** ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੋ। (13) ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ **ਆਪਣੇ ਆਪ ਨੂੰ** ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ {#3} **ਪਰਮੇਸ਼ੁਰ ਨੂੰ ਸੌਂਪ ਦਿਓ** ਅਤੇ ਆਪਣੇ ਅੰਗ ਧਰਮ ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ। (14) ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।

ਰੋਮੀਆਂ 12:1-2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ** ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ **ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ। (2) ਅਤੇ **ਇਸ ਜੁੱਗ ਦੇ ਰੂਪ ਜੇਹੇ ਨਾ ਬਣੋ** ਸਗੋਂ ਆਪਣੀ **ਬੁੱਧ ਦੇ ਨਵੇਂ ਹੋਣ** ਕਰਕੇ ਹੋਰ ਸਰੂਪ ਵਿੱਚ **ਬਦਲਦੇ ਜਾਓ** ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।

ਰੋਮੀਆਂ 8:7-8 **ਇਸ ਲਈ ਜੋ ਸਰੀਰਕ ਮਨਸ਼ਾ ਪਰਮੇਸ਼ੁਰ ਨਾਲ ਵੈਰ ਹੈ** ਕਿਉਂ ਜੋ ਉਹ ਪਰਮੇਸ਼ੁਰ ਦੀ ਸ਼ਰਾ ਦੇ ਅਧੀਨ ਨਹੀਂ ਹੈ ਅਤੇ ਨਾ ਹੀ ਹੋ ਸੱਕਦੀ ਹੈ। ਅਤੇ ਜਿਹੜੇ ਸਰੀਰਕ ਹਨ ਓਹ **ਪਰਮੇਸ਼ੁਰ ਨੂੰ ਪਰਸੰਨ ਕਰ ਨਹੀਂ ਸਕਦੇ ਹਨ।**

1. ਸਰੀਰ ਦੇ ਕੰਮਾਂ ਨੂੰ ਮਾਰੋ

ਰੋਮੀਆਂ 8:12-14 ਸੋ ਹੇ ਭਰਾਵੋ, ਅਸੀਂ ਕਰਜ਼ਦਾਰ ਹਾਂ ਪਰ ਸਰੀਰ ਦੇ ਨਹੀਂ ਜੋ ਸਰੀਰ ਦੇ ਅਨੁਸਾਰ ਉਮਰ ਕੱਟੀਏ। (13) ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ **ਤੁਹਾਨੂੰ** (ਪੁਰਾਣੇ ਮਨੁੱਖ) ਮਰਨਾ (ਆਪਣੀ ਸਲੀਬ ਨੂੰ ਚੁੱਕਣਾ) **ਪਵੇਗਾ** ਪਰ **ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ** (ਪਾਪ ਨੂੰ "ਨਾਂਹ" ਆਖੋ) **ਤਾਂ ਤੁਸੀਂ ਜੀਵੋਗੇ** (ਰੋਮੀਆਂ 6:4 "ਜੀਵਨ ਦੇ ਨਵੇਂ ਹੋਣ ਵਿੱਚ)। (14) ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ **ਪਰਮੇਸ਼ੁਰ ਦੇ ਪੁੱਤਰ** (ਪਰਿਪੱਕ, ਬੱਚੇ ਨਹੀਂ) ਹਨ।

2. ਜਿੱਤ ਤੁਹਾਡੀ ਹੈ!

ਰੋਮੀਆਂ 16:19-20 ਪਰ ਇਹ ਚਾਹੁੰਦਾ ਹਾਂ ਜੋ ਤੁਸੀਂ **ਨੇਕੀ** ਵਿੱਚ **ਸਿਆਣੇ** ਅਤੇ **ਬਦੀ** ਵਿੱਚ **ਨਿਆਣੇ** ਬਣੇ ਰਹੋ। ਅਰ ਸ਼ਾਂਤੀ ਦਾਤਾ ਪਰਮੇਸ਼ੁਰ **ਸ਼ਤਾਨ ਨੂੰ ਝਬਦੇ** ਤੁਹਾਡੇ ਪੈਰਾਂ ਦੇ ਹੇਠ **ਮਿੱਧੇਗਾ।**

ਪ੍ਰਸ਼ਨ ਇਹ ਹੈ:

ਕੀ ਤੁਸੀਂ ਉਸ ਨੂੰ ਮਿੱਧ ਰਹੇ ਹੋ ਜਾਂ ਉਹ ਤੁਹਾਨੂੰ ਮਿੱਧ ਰਿਹਾ ਹੈ?

3. ਬਰਕਤਾਂ ਤੁਹਾਡੀਆਂ ਹਨ! ਮੱਤੀ 6:33 **ਪ੍ਰਾਰਥਨਾ**! 6:10

ਇਹ ਹੈ: ਫਿਲਿੱਪੀਆਂ 2:12 ਇਸ ਲਈ, ਹੇ ਮਰੇ ਪਿਆਰਿਓ, ਜਿਵੇਂ ਤੁਸਾਂ ਸਦਾ **ਆਗਿਆਕਾਰੀ ਕੀਤੀ** ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ **ਆਪਣੀ ਮੁਕਤੀ ਦਾ ਕੰਮ ਨਿਬਾਹੋ।**

ਸਪੱਸ਼ਟ ਹੈ ਕਿ ਇਹ ਸਦੀਪਕ ਮੁਕਤੀ **ਨਹੀਂ** ਹੈ > **ਇਹ** ਹਰ ਰੋਜ਼ ਦੀ ਮੁਕਤੀ **ਹੈ** > ਜਾਂ ਜੇਤੂ ਜੀਵਨ ਜੀਣਾ ਹੈ >

ਸ਼ਤਾਨ ਦੇ ਤਬਾਹ ਕਰਨ ਵਾਲੇ ਹਮਲਿਆਂ, ਫਾਹੀਆਂ ਅਤੇ ਜਾਲਾਂ ਤੋਂ ਅਜ਼ਾਦ।

ਇਹ **ਸ਼ੁੱਧਤਾ** ਦੀ ਸਿੱਖਿਆ ਹੈ:

**2 ਤਿਮੋਥਿਉਸ 2:19-22** ਤਾਂ ਵੀ ਪਰਮੇਸ਼ੁਰ ਦੀ ਧਰੀ ਹੋਈ ਪੱਕੀ ਨੀਂਹ ਅਟੱਲ ਰਹਿੰਦੀ ਹੈ ਜਿਹ ਦੇ ਉੱਤੇ ਇਹ ਮੋਹਰ ਲੱਗੀ ਹੋਈ ਹੈ ਭਈ ਪ੍ਰਭੁ ਆਪਣਿਆਂ ਨੂੰ ਜਾਣਦਾ ਹੈ, ਨਾਲੇ ਇਹ ਭਈ **ਹਰੇਕ ਜਿਹੜਾ ਪ੍ਰਭੁ ਦਾ ਨਾਮ ਲੈਂਦਾ ਹੈ ਕੁਧਰਮ ਤੋਂ ਅੱਡ ਰਹੇ।** (20) ਵੱਡੇ ਘਰ ਵਿੱਚ ਨਿਰੇ ਸੋਨੇ ਚਾਂਦੀ ਦੇ ਹੀ ਭਾਂਡੇ ਨਹੀਂ ਸਗੋਂ ਕਾਠ ਅਤੇ ਮਿੱਟੀ ਦੇ ਭੀ ਹੁੰਦੇ ਹਨ ਅਤੇ ਕਈ ਆਦਰ ਦੇ ਅਤੇ ਕਈ ਨਿਰਾਦਰ ਦੇ ਕੰਮ ਲਈ ਹੁੰਦੇ ਹਨ। (21) ਸੋ **ਜੇ ਕੋਈ ਆਪਣੇ ਆਪਣੇ** ਨੂੰ ਇਨ੍ਹਾਂ ਤੋਂ **ਸ਼ੁੱਧ ਕਰੇ** ਤਾਂ ਉਹ ਆਦਰ ਦੇ ਕੰਮ ਲਈ **ਪਵਿੱਤਰ ਕੀਤਾ ਹੋਇਆ** ਮਾਲਿਕ ਦੇ ਵਰਤਣ ਜੋਗ ਅਤੇ **ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ** ਭਾਂਡਾ ਹੋਵੇਗਾ। (22) ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੁ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ . . .

ਆਇਤ 26 ਅਤੇ **ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ** ਵਿੱਚ **ਫੱਸ ਕੇ** ਹੋਸ਼ ਵਿੱਚ ਆਣ ਕੇ ਬਚ ਨਿੱਕਲਣ।

ਯਾਕੂਬ 1:21-25 "ਧੰਨ ਹੋਣਗੇ"
ਇਸ ਕਾਰਨ ਤੁਸੀਂ ਹਰ ਪਰਕਾਰ ਦੇ ਗੰਦ ਮੰਦ ਅਤੇ ਬਦੀ ਦੀ ਵਾਫ਼ਰੀ ਨੂੰ **ਪਰੇ ਸੁੱਟ ਕੇ** ਉਸ ਬੀਜੇ ਹੋਏ **ਬਚਨ ਨੂੰ** ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾ ਸੱਕਦਾ ਹੈ ਨਰਮਾਈ ਨਾਲ **ਕਬੂਲ ਕਰ ਲਓ।** 22 ਪਰ ਬਚਨ ਉੱਤੇ **ਅਮਲ ਕਰਨ ਵਾਲੇ ਹੋਵੋ** ਅਤੇ **ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ** ਹੀ **ਨਾ ਹੋਵੋ।** 23 ਕਿਉਂਕਿ ਜੇ ਕੋਈ ਬਚਨ ਦਾ ਸੁਣਨ ਵਾਲਾ ਹੈ ਅਤੇ ਓਸ ਉੱਤੇ ਅਮਲ ਕਰਨ ਵਾਲਾ ਨਹੀਂ ਤਾਂ ਉਹ ਉਸ ਮਨੁੱਖ ਵਰਗਾ ਹੈ ਜਿਹੜਾ ਆਪਣੇ ਅਸਲੀ ਸਰੂਪ ਨੂੰ ਸ਼ੀਸ਼ੇ ਵਿੱਚ ਵੇਖਦਾ ਹੈ। 24 ਕਿਉਂ ਜੋ ਉਹ ਆਪਣੇ ਆਪ ਨੂੰ ਵੇਖ ਕੇ ਚਲਿਆ ਗਿਆ ਅਤੇ ਓਸੇ ਵੇਲੇ ਭੁੱਲ ਗਿਆ ਜੋ ਮੈਂ ਕਿਹੋ ਜਿਹਾ ਸਾਂ। 25 ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ ਅਜ਼ਾਦੀ ਦੀ ਸ਼ਰਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ **ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿੱਚ ਧੰਨ ਹੋਵੇਗਾ।**

ਇਹ ਧੰਨ ਅਤੇ ਖੁਸ਼ਹਾਲ ਜੀਵਨ ਹੈ !

## ਕੁੰਜੀ #4 ਦੀ ਜਾਣ-ਪਛਾਣ

- ਸਾਰੇ **ਸੇਵਕਾਂ / ਪ੍ਰਚਾਰਕਾਂ** ਨੂੰ ਆਪਣੇ ਹੱਥ ਖੜ੍ਹੇ ਕਰਨ ਲਈ ਆਖੋ।

ਯੂਹੰਨਾ 15:16 ਤੁਸਾਂ ਮੈਨੂੰ ਨਹੀਂ ਚੁਣਿਆ ਪਰ **ਮੈਂ ਤੁਹਾਨੂੰ ਚੁਣਿਆ** ਅਤੇ **ਤੁਹਾਨੂੰ ਠਹਿਰਾਇਆ ਸੀ** ਜੋ ਤੁਸੀਂ ਜਾ ਕੇ ਫਲਦਾਰ ਹੋਵੋ (ਠਹਿਰਾਇਆ, ਨਿਯੁਕਤ ਕੀਤਾ, ਰੱਖਿਆ)

- "ਦੁਸ਼ਦ" ਦੀ ਪਿੱਠ ਉੱਤਲੇ **ਵਾਲ** ਸਿੱਧੇ ਖੜ੍ਹੇ ਹੋ ਗਏ।

- ਤੁਸੀਂ ਬੰਧੂਆਂ ਨੂੰ ਛੁਡਾਉਣ ਲਈ, "ਸ਼ਤਾਨ ਦੇ ਕੰਮਾਂ ਨੂੰ ਨਾਸ ਕਰਨ ਲਈ" ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਵਿੱਚ ਲਿਆਉਣ ਲਈ ਪਰਮੇਸ਼ੁਰ ਦੀ **ਡੇਲਟਾ ਫੋਰਸ ਅਤੇ ਗੁਪਤ ਏਜੰਟ** ਹੋ।

**"ਪਹਿਲਾਂ ਉਹ ਦੇ ਰਾਜ ਨੂੰ ਭਾਲੋ (ਇੱਛਾ ਕਰੋ) . . ."** ਕੀ? ਕਿਵੇਂ?

**ਇੱਕ ਰਾਜ ਇਹ ਹੈ:**

- ਇੱਕ ਰਾਜਨੀਤਿਕ ਅਤੇ ਪ੍ਰਦੇਸ਼ਿਕ ਖੇਤਰ ਜਿਸ ਉੱਤੇ ਕਿਸੇ ਰਾਜਾ ਦੁਆਰਾ **ਰਾਜ / ਸ਼ਾਸ਼ਨ ਕੀਤਾ ਜਾਂਦਾ ਹੈ**। ਇਸ ਲਈ, "ਪਰਮੇਸ਼ੁਰ ਦੇ ਰਾਜ" ਦੀ ਬਜਾਇ ਅਸੀਂ ਪਰਮੇਸ਼ੁਰ ਦੀ **ਸਰਕਾਰ** ਆਖ ਸਕਦੇ ਹਾਂ।

**ਸਾਨੂੰ ਇਹ ਪ੍ਰਾਰਥਨਾ ਕਰਨ ਲਈ ਆਖਿਆ ਗਿਆ ਹੈ:**

1. "**ਤੇਰਾ ਰਾਜ ਆਵੇ**" ->> ਉਸ ਦੀ ਸਰਕਾਰ ਲਈ ਇੱਕ ਸੱਦਾ ਅਤੇ ਦਲੀਲ > ਉਸ ਦੇ ਸ਼ਾਸ਼ਨ ਦੇ ਆਉਣ ਲਈ।

2. "**ਤੇਰੀ ਮਰਜ਼ੀ ਪੂਰੀ ਹੋਵੇ**" ਇਹ ਘੋਸ਼ਣਾ ਹੈ ਕਿ ਉਸ ਦੀ ਸਰਕਾਰ ਦੀ ਆਗਿਆ ਮੰਨੀ ਜਾਵੇਗੀ।

   ਕੁਲੁੱਸੀਆਂ 1:9-11 ਤੁਸੀਂ ਹਰ ਪ੍ਰਕਾਰ ਦੇ ਆਤਮਕ ਗਿਆਨ ਅਤੇ ਸਮਝ ਨਾਲ **ਉਹ ਦੀ ਇੱਛਿਆ ਦੀ ਪਛਾਣ** ਤੋਂ **ਭਰਪੂਰ** ਹੋ ਜਾਓ। [10] **ਤਾਂ ਜੋ ਤੁਸੀਂ ਅਜਿਹੀ ਜੋਗ ਚਾਲ ਚੱਲੋ** ਜਿਹੜੀ **ਪ੍ਰਭੂ ਨੂੰ** ਹਰ ਤਰਾਂ ਨਾਲ **ਭਾਵੇ** ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

3. "ਜਿਹੀ ਸੁਰਗ ਵਿੱਚ ਧਰਤੀ ਉੱਤੇ ਵੀ"।

   - ਇਹ "ਧਰਤੀ" ਦੀ ਮਿੱਟੀ ਨਾਲ ਸ਼ੁਰੂ ਹੁੰਦਾ ਹੈ ਜੋ ਮੈਂ ਹਾਂ!
     ਉਤਪਤ 2:7 ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ

   - ਪਹਿਲੇ ਸਥਾਨ ਉੱਤੇ ਰਾਜ / ਸਰਕਾਰ ਹੋਣਾ ਚਾਹੀਦਾ ਹੈ ਅਤੇ ਇਸ ਦੀ ਆਗਿਆਕਾਰੀ ਕੀਤੀ ਜਾਣੀ ਚਾਹੀਦੀ ਹੈ > ਮੇਰੇ ਲਈ ਹੈ!

---

ਰਾਜ ਕਰਨ ਦਾ ਸਿਧਾਂਤ -> ਪਰਮੇਸ਼ੁਰ ਦੇ ਰਾਜ ਵਿੱਚ ਰਾਜ ਕਰਨ ਦਾ ਸਿਧਾਂਤ **ਪਿਆਰ** ਹੈ:

ਕੁੰਜੀ #4: ਪਿਆਰ -> ਪਰਮੇਸ਼ੁਰ ਦੇ ਰਾਜ ਵਿੱਚ ਰਾਜ ਕਰਨ ਦੀ ਨੀਤੀ

ਰੋਮੀਆਂ 13:10 ਪਿਆਰ ਗੁਆਂਢੀ ਦਾ ਕੁਝ ਬੁਰਾ ਨਹੀਂ ਕਰਦਾ, ਇਸ ਕਰਕੇ **ਪਿਆਰ ਸ਼ਰਾ ਦਾ ਪੂਰਾ ਕਰਨਾ ਹੈ।**

1 ਕੁਰਿੰਥੀਆਂ 16:14 **ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।**

ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ (1) **ਜਗਤ ਨੂੰ ਅਜਿਹਾ ਪਿਆਰ ਕੀਤਾ** ਜੋ **ਉਹ** ਨੇ ਆਪਣਾ ਇਕਲੌਤਾ ਪੁੱਤਰ **ਬਖ਼ਸ਼ ਦਿੱਤਾ** ਤਾਂ ਜੋ ਹਰੇਕ **ਜੋ** ਉਸ ਉੱਤੇ **ਨਿਹਚਾ ਕਰੇ** ਨਾਸ ਨਾ ਹੋਵੇ ਪਰ **ਸਦੀਪਕ** (1) **ਜੀਉਣ** ਪਾਵੇ।

ਪਿਆਰ -> ਦਿੰਦਾ ਹੈ -> ਨਤੀਜਾ ਸਦੀਪਕ ਜੀਵਨ ਹੁੰਦਾ ਹੈ

I. ਹਰ ਚੀਜ਼ ਜੋ ਸਾਡਾ ਪਿਤਾ ਕਰਦਾ ਹੈ ਪਿਆਰ ਨਾਲ ਸ਼ੁਰੂ ਹੁੰਦੀ ਹੈ।

ਪਿਆਰ ਕਾਰਨ / **ਪ੍ਰੇਰਣਾ** ਹੈ

- ➔ ਪ੍ਰੇਰਣਾ > ਮੋਟਰ > ਸ਼ਕਤੀ > ਚਲਾਉਣ ਵਾਲਾ ਬਲ > ਕੰਮ ਲਈ ਵਧਣਾ
- ➔ ਤੁਸੀ ਕਿਸ ਤੋਂ ਪ੍ਰੇਰਿਤ ਹੋ? ਤੁਹਾਡੀਆਂ ਇੱਛਾਵਾਂ ਕੀ ਹਨ? ਤੁਸੀਂ ਕਿਸ ਨੂੰ ਪਿਆਰ ਕਰਦੇ ਹੋ?
- ➔ ਤੁਹਾਨੂੰ ਕੀ ਚਾਲੂ ਕਰਦਾ ਹੈ?
- ➔ ਅਸੀਂ **ਕਾਮਨਾ** ਅਤੇ **ਪਿਆਰ** ਦੇ ਕਾਰਨ ਉਲਝਣ ਵਿੱਚ ਪੈ ਜਾਂਦੇ ਹਾਂ! ਵੱਡਾ ਅੰਤਰ ਹੈ।

**ਕਾਮਨਾ ਆਪਣੇ** ਲਈ ਜੀਉਣ ਲਈ ਚਲਾਉਣ ਵਾਲਾ ਬਲ ਹੈ

**ਪਿਆਰ ਦੂਸਰਿਆਂ** ਲਈ ਜੀਉਣ ਲਈ ਚਲਾਉਣ ਵਾਲਾ ਬਲ ਹੈ। ਗਲਾਤੀਆਂ 5:24

**ਪਰਮੇਸ਼ੁਰ ਪ੍ਰੇਮ ਹੈ**: (1 ਯੂਹੰਨਾ 4:8)

**1 ਯੂਹੰਨਾ 4:16** ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ **ਸਾਡੇ ਨਾਲ** ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। **ਪਰਮੇਸ਼ੁਰ ਪ੍ਰੇਮ ਹੈ** ਅਤੇ **ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ** ਅਤੇ **ਪਰਮੇਸ਼ੁਰ ਓਸ ਵਿੱਚ ਰਹਿੰਦਾ ਹੈ।** ਰਾਜਾ ਅਤੇ ਰਾਜ ਆ ਚੁੱਕੇ ਹਨ

**ਮਸੀਹਅਤ ਪਿਆਰ ਹੈ -> ਲੋਕਾਂ ਅਤੇ ਪਰਮੇਸ਼ੁਰ ਨਾਲ ਸਬੰਧ।**

ਯਿਸੂ ਨੇ ਕਿਹਾ: ਤੂੰ **ਪ੍ਰਭੂ ਆਪਣੇ** ਪਰਮੇਸ਼ੁਰ ਨੂੰ ਆਪਣੇ **ਸਾਰੇ ਦਿਲ ਨਾਲ** ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ **ਪਿਆਰ ਕਰ।** ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਙੁ ਹੈ ਕਿ ਤੂੰ **ਆਪਣੇ ਗੁਆਂਢੀ ਨੂੰ** ਆਪਣੇ ਜਿਹਾ **ਪਿਆਰ ਕਰ।** ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ। ਮੱਤੀ 22:37 ਮਰਕੁਸ 12:30

ਇਹ ਮਸੀਹਅਤ ਹੈ। ਇਹ ਇੱਕ ਧਰਮ ਨਹੀਂ ਹੈ ਪਰ ਇੱਕ ਸਬੰਧ ਹੈ।

ਮਸੀਹਅਤ ਦਿਲ ਦਾ ਮਸਲਾ ਹੈ, ਨਾ ਕਿ ਸਿਰ ਦਾ।
1 ਸਮੂਏਲ 16:7 . . . ਯਹੋਵਾਹ ਜੋ ਮਨੁੱਖ ਵਾਂਙੁ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ **ਯਹੋਵਾਹ ਰਿਦੇ ਨੂੰ ਵੇਖਦਾ ਹੈ।**

ਰੋਮੀਆਂ 10:9-11 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ **ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ** ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। [10] ਧਰਮ ਲਈ ਤਾਂ **ਹਿਰਦੇ** ਨਾਲ ਨਿਹਚਾ ਕਰੀਦੀ ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ।

**ਪਰਮੇਸ਼ੁਰ ਤੁਹਾਡੇ ਇਰਾਦੇ ਲਈ ਚਿੰਤਤ ਹੈ** >> ਜੋ ਤੁਸੀਂ ਕਰਦੇ ਹੋ **ਕਿਉਂ** ਕਰਦੇ ਹੋ? ਕੀ ਤੁਸੀਂ ਧਰਮ ਜਾਂ ਸਬੰਧ ਦੇ ਦੁਆਰਾ ਪ੍ਰੇਰਿਤ ਹੋ?

**1 ਕੁਰਿੰਥੀਆਂ 4:5** ਇਸ ਲਈ ਜਿੰਨਾ ਚਿਰ ਪ੍ਰਭੂ ਨਾ ਆਵੇ ਤੁਸੀਂ ਸਮੇਂ ਤੋਂ ਪਹਿਲਾਂ ਕਿਸੇ ਗੱਲ ਦਾ ਨਬੇੜਾ ਨਾ ਕਰੋ। ਉਹ ਤਾਂ ਅਨ੍ਹੇਰੇ ਦੀਆਂ ਗੁਪਤ ਗੱਲਾਂ ਨੂੰ ਪਰਕਾਸ਼ ਕਰੇਗਾ ਅਤੇ ਮਨ ਦੀਆਂ **ਦਲੀਲਾਂ ਨੂੰ ਪਰਗਟ ਕਰੇਗਾ** ਅਤੇ **ਉਸ ਵੇਲੇ** ਹਰ ਕਿਸੇ ਨੂੰ ਪਰਮੇਸ਼ੁਰ ਦੀ ਵੱਲੋਂ ਵਡਿਆਈ ਮਿਲੇਗੀ।

ਤੁਸੀਂ **ਕੀ** ਕਰਦੇ ਹੋ ਨਾਲੋਂ ਇਹ ਜ਼ਿਆਦਾ ਮਹੱਤਵਪੂਰਣ ਹੈ ਕਿ ਤੁਸੀਂ ਜੋ ਕਰਦੇ ਹੋ, ਉਹ **ਕਿਉਂ** ਕਰਦੇ ਹੋ!

**1 ਕੁਰਿੰਥੀਆਂ 13:1-8**

- ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ **ਪ੍ਰੇਮ** ਨਾ ਹੋਵੇ ਤਾਂ **ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ ਛਣ ਕਰਨ ਵਾਲੇ ਛੈਣੇ** ਬਣਿਆ ਹਾਂ।
- ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰਾ ਭੇਤ ਅਤੇ ਸਾਰਾ ਗਿਆਨ ਜਾਣਾ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾ ਦਿਆਂ ਪਰ ਪ੍ਰੇਮ ਨਾ ਰੱਖਾਂ, **ਮੈਂ ਕੁਝ ਵੀ ਨਹੀਂ।**
- ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ **ਪ੍ਰੇਮ** ਨਾ ਰੱਖਾਂ, ਤਾਂ **ਕੁਝ ਲਾਭ ਨਹੀਂ।**
- ਪ੍ਰੇਮ **ਧੀਰਜਵਾਨ** ਅਤੇ **ਕਿਰਪਾਲੂ** ਹੈ। ਪ੍ਰੇਮ **ਖੁਣਸ ਨਹੀਂ ਕਰਦਾ**। ਪ੍ਰੇਮ **ਫੁੱਲਦਾ ਨਹੀਂ**, ਪ੍ਰੇਮ **ਫੂੰ ਫੂੰ ਨਹੀਂ ਕਰਦਾ**, **ਕੁਚੱਜਿਆਂ** ਨਹੀਂ ਕਰਦਾ, **ਆਪ ਸੁਆਰਥੀ ਨਹੀਂ**, **ਚਿੜ੍ਹਦਾ ਨਹੀਂ**, **ਬੁਰਾ ਨਹੀਂ ਮੰਨਦਾ**। ਉਹ **ਕੁਧਰਮ ਤੋਂ ਅਨੰਦ ਨਹੀਂ** ਹੁੰਦਾ ਸਗੋਂ **ਸਚਿਆਈ** ਨਾਲ ਅਨੰਦ ਹੁੰਦਾ ਹੈ। ਸਭ ਕੁਝ **ਝੱਲ ਲੈਂਦਾ**, ਸਭਨਾਂ ਗੱਲਾਂ ਦੀ **ਪਰਤੀਤ ਕਰਦਾ**, ਸਭਨਾਂ ਗੱਲਾਂ ਦੀ **ਆਸ ਰੱਖਦਾ**, **ਸਭ ਕੁਝ ਸਹਿ ਲੈਂਦਾ**। **ਪ੍ਰੇਮ ਕਦੇ ਟਲਦਾ ਨਹੀਂ**
- ਆਇਤ 13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਏਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿੱਚੋਂ **ਉੱਤਮ ਪ੍ਰੇਮ ਹੀ ਹੈ।**
- ਆਇਤ 14:1 **ਪ੍ਰੇਮ ਦੇ ਮਗਰ ਲੱਗੋ**

ਸਾਡੀ ਪ੍ਰੇਰਣਾ ਹੋਣ ਦੇ ਲਈ – ਜ਼ਰੂਰੀ ਹੈ ਕਿ ਪਿਆਰ ਸਾਡੇ ਮਨ ਨੂੰ ਵੱਸ ਵਿੱਚ ਕਰੇ ਅਤੇ ਕਾਬੂ ਕਰੇ। ਕਿਵੇਂ ? ਉਸੇ ਤਰ੍ਹਾਂ ਜਿਵੇਂ ਇਸ ਨੇ ਪੌਲੁਸ ਨੂੰ ਕਾਬੂ ਵਿੱਚ ਕੀਤਾ।

**2 ਕੁਰਿੰਥੀਆਂ 5:14-15** **ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** (**ਸਾਨੂੰ ਕਾਬੂ ਲੈਂਦਾ ਹੈ**, {NAS}) ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। ਅਤੇ ਉਹ ਸਭਨਾਂ ਦੇ ਲਈ ਮੋਇਆ **ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ** ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।

ਜ਼ਰੂਰੀ ਹੈ ਕਿ ਪਿਆਰ ਸਾਨੂੰ ਕਾਬੂ ਕਰੇ / ਦਬਾਓ ਵਿੱਚ ਲਿਆਵੇ / ਸਾਡੇ ਉੱਤੇ ਕਬਜ਼ਾ ਕਰੇ / ਸਾਨੂੰ ਫੜ੍ਹੇ / ਸਾਨੂੰ ਪ੍ਰੇਰਿਤ ਕਰੇ! 1 ਯੂਹੰਨਾ 4:19 ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।

ਜਿਸ ਹੱਦ ਤੱਕ ਤੁਸੀਂ ਸਲੀਬ ਨੂੰ ਸਮਝਦੇ ਹੋ >>>>

>>>> ਤੁਸੀਂ ਪਿਆਰ ਨੂੰ ਸਮਝੋਗੇ

ਇਹ ਪਿਆਰ –> ਤੁਹਾਨੂੰ ਪ੍ਰੇਰਿਤ ਕਰੇਗਾ ਅਤੇ ਤੁਹਾਨੂੰ ਇੱਕ ਮਿਸ਼ਨ ਦੇਵੇਗਾ

II. ਉਸ ਦੇ ਪਿਆਰ ਦਾ **ਉਦੇਸ਼**: ਪਰਮੇਸ਼ੁਰ ਨੇ **ਜਗਤ** ਨੂੰ ਅਜਿਹਾ ਪਿਆਰ ਕੀਤਾ

ਕਿਉਂ? ਉਸ ਦਾ ਖਜ਼ਾਨਾ ਜਗਤ ਵਿੱਚ ਸੀ

ਮੱਤੀ 13:44 **ਲੋਕ!**

ਮੱਤੀ 6:19-21 ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ। **ਕਿਉਂਕਿ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ।**

ਯਿਸੂ ਤੁਹਾਡੇ ਮਨ ਦੇ ਬਾਰੇ ਚਿੰਤਤ ਹੈ = ਤੁਹਾਡਾ ਇਰਾਦਾ (ਪਿਆਰ ਜਾਂ ਕਾਮਨਾ)

III. ਪਿਆਰ ਦੇ **ਕੰਮ:** **ਉਹ ਨੇ ਬਖਸ਼ ਦਿੱਤਾ** . . .

- ➔ ਪਿਆਰ ਉਸ ਨਾਲ ਮਾਪਿਆ ਜਾਂਦਾ ਹੈ ਜੋ ਅਸੀਂ ਦਿੰਦੇ ਹਾਂ !
- ➔ ਪਿਤਾ ਪਰਮੇਸ਼ੁਰ ਨੇ ਆਪਣਾ ਪੁੱਤਰ ਦੇ ਦਿੱਤਾ !
- ➔ ਯਿਸੂ ਨੇ ਸਭ ਕੁਝ ਤਿਆਗ ਦਿੱਤਾ ! ਉਸ ਦਾ ਸਿੰਘਾਸਣ – ਅਹੁਦਾ – ਮਹਿਮਾ – ਸੇਵਾ ਕਰਨ ਲਈ ਸੇਵਕ ਹੋਣ ਤੋਂ – ਪਾਪੀ ਸੰਸਾਰ ਵਿੱਚ ਰਹਿਣ ਲਈ ਸਵਰਗ – ਉਹ ਜੋ ਪਵਿੱਤਰ ਹੈ ਪਾਪ ਬਣਿਆ – ਉਹ ਜੋ ਜੀਵਨ ਸੀ . . . ਮਰ ਗਿਆ

ਯੂਹੰਨਾ 15:13 ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ **ਬਦਲੇ** ਦੇ ਦੇਵੇ।
ਪਿਆਰ -> ਬਲ਼ੀਦਾਨ ਹੈ!

- ਲੋਕਾਂ ਲਈ **ਪਿਆਰ** ਦੁਆਰਾ **ਪ੍ਰੇਰਿਤ ਹੋਣ** ਨੇ ਯਿਸੂ ਨੂੰ ਇੱਕ **ਮਿਸ਼ਨ** ਦਿੱਤਾ
- ਉਸ ਦਾ ਜੀਵਨ ਪਿਆਰ ਦੁਆਰਾ **ਸਮਰੱਥੀ** ਜੀਵਨ ਸੀ। ਮਿਸ਼ਨ ਦਾ ਇੱਕ ਜੀਵਨ
- ਉਸ ਦਾ ਜੀਵਨ ਲੋਕਾਂ ਦੀ ਕੀਮਤ ਦਾ **ਪ੍ਰਗਟਾਵਾ ਅਤੇ ਘੋਸ਼ਣਾ** ਸੀ।

ਇਸ ਲਈ:
**ਲੂਕਾ 2:49** ਉਹ ਨੇ ਉਨ੍ਹਾਂ ਨੂੰ ਆਖਿਆ, ਕਾਹ ਨੂੰ ਤੁਸੀਂ ਮੈਨੂੰ ਲੱਭਦੇ ਸਾਓ? ਭਲਾ, ਤੁਸੀਂ ਨਹੀਂ ਜਾਣਦੇ ਸਾਓ ਭਈ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮਾਂ ਵਿੱਚ **ਲੱਗਾ ਰਹਾਂ**?

**ਲੂਕਾ 4:43** ਪਰ ਉਸ ਨੇ ਉਨ੍ਹਾਂ ਨੂੰ ਆਖਿਆ ਕਿ ਮੈਨੂੰ ਚਾਹੀਦਾ ਹੈ ਜੋ ਹੋਰਨਾਂ ਨਗਰਾਂ ਵਿੱਚ ਵੀ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ **ਸੁਣਾਵਾਂ** ਕਿਉਂ ਕਿ ਮੈਂ ਇਸੇ ਲਈ ਘੱਲਿਆ ਗਿਆ।

**ਯੂਹੰਨਾ 4:4** ਅਤੇ ਉਸ ਨੂੰ ਸਾਮਰਿਯਾ ਦੇ ਵਿੱਚੋਂ ਦੀ ਲੰਘਣਾ **ਪਿਆ।**

**ਯੂਹੰਨਾ 10:16** ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਬਾੜੇ ਦੀਆਂ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ **ਲਿਆਵਾਂ**

**ਮੱਤੀ 16:21** ਉਸ ਸਮੇ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ **ਮੈਨੂੰ ਜਰੂਰ ਹੈ** ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉੱਠਾਂ।

- ਇਹ **ਕਿੱਲ** ਨਹੀਂ ਸਨ ਜਿੰਨਾਂ ਨੇ ਯਿਸੂ ਨੂੰ ਸਲੀਬ ਉੱਤੇ ਰੱਖਿਆ (ਮੱਤੀ 26:53)

➔ ਇਹ ਲੋਕਾਂ ਲਈ ਪਿਆਰ ਸੀ

IV. **ਨਤੀਜਾ**: ਨਾਸ ਨਾ ਹੋਵੇ ਪਰ **ਸਦੀਪਕ ਜੀਉਣ** ਪਾਵੇ।

ਜੋ **ਪਿਆਰ** ਨਾਲ ਸ਼ੁਰੂ ਹੁੰਦਾ ਹੈ . . . **ਜੀਵਨ** ਨਾਲ ਸਮਾਪਤ ਹੁੰਦਾ ਹੈ !

"**ਪ੍ਰੇਮ ਕਦੇ ਟਲਦਾ ਨਹੀਂ**"

ਉਦਾਹਰਣ:

**ਲੂਕਾ 19:1-10** **ਆਇਤ** 5 ਪਰ ਯਿਸੂ ਜਾਂ ਉਸ ਥਾਂ ਆਇਆ ਤਾਂ ਉਤਾਹਾਂ ਨਜ਼ਰ ਮਾਰ ਕੇ ਉਹ ਨੂੰ ਆਖਿਆ, ਹੇ ਜ਼ੱਕੀ ਛੇਤੀ ਨਾਲ ਉੱਤਰ ਆ ਕਿਉਂਕਿ ਅੱਜ **ਮੈਂ** ਤੇਰੇ ਹੀ ਘਰ **ਰਹਿਣਾ ਹੈ।** ਤਾਂ ਉਹ ਛੇਤੀ ਉੱਤਰ ਆਇਆ ਅਤੇ ਖੁਸ਼ੀ ਨਾਲ ਉਸ ਦਾ ਆਦਰ ਭਾਉ ਕੀਤਾ। ਤਾਂ ਸਭ ਵੇਖ ਕੇ ਕੁੜ੍ਹਨ ਲੱਗੇ ਅਤੇ ਬੋਲੇ ਜੋ ਉਹ ਇੱਕ ਪਾਪੀ ਮਨੁੱਖ ਦੇ ਘਰ ਜਾ ਉੱਤਰਿਆ ਹੈ।

ਉਸ ਦਿਨ **ਪਿਆਰ** ਜ਼ੱਕੀ ਦੇ ਘਰ ਆਇਆ

ਅਤੇ ਉਸ ਦੇ ਜੀਵਨ ਨੂੰ ਬਦਲ ਦਿੱਤਾ।

ਪਰ ਜ਼ੱਕੀ ਨੇ ਖੜੋ ਕੇ ਪ੍ਰਭੂ ਨੂੰ ਕਿਹਾ, ਪ੍ਰਭੂ ਜੀ, **ਵੇਖ ਮੈਂ ਆਪਣਾ ਅੱਧਾ ਮਾਲ ਕੰਗਾਲਾਂ ਨੂੰ ਦਿੰਦਾ ਹਾਂ ਅਰ ਜੇ ਮੈਂ ਕਿਸੇ ਉੱਤੇ ਊਜ ਲਾਕੇ ਕੁਝ ਲੈ ਲਿਆ ਹੈ ਤਾਂ ਚੌਗੁਣਾ ਮੋੜ ਦਿੰਦਾ ਹਾਂ।** ਯਿਸੂ ਨੇ ਉਹ ਨੂੰ ਆਖਿਆ, ਅੱਜ ਇਸ ਘਰ ਵਿੱਚ ਮੁਕਤੀ ਆਈ ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ। ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ।

ਕੀ ਤੁਹਾਨੂੰ ਯਾਦ ਹੈ ਕਦੋਂ . . .

ਯਿਸੂ ਤੁਹਾਡੇ ਘਰ ਆਇਆ – ਜਿੱਥੇ ਤੁਸੀਂ ਰਹਿੰਦੇ ਹੋ – ਅਤੇ **ਪਿਆਰ** ਨੇ ਤੁਹਾਡਾ ਜੀਵਨ ਸਦਾ ਲਈ ਬਦਲ ਦਿੱਤਾ ?

>>> ਕਿਉਂਕਿ ਉਹ ਤੁਹਾਡੇ ਨਾਲ ਪਿਆਰ ਕਰਦਾ ਹੈ! <<<

ਉਦਾਹਰਣ:

**ਲੂਕਾ 10:25-37** ਤਾਂ ਵੇਖੋ ਇੱਕ ਸ਼ਰ੍ਹਾ ਦੇ ਸਿਖਾਉਨ ਵਾਲੇ ਨੇ ਉਹ ਦੇ ਪਰਤਾਉਣ ਲਈ ਖੜੇ ਹੋ ਕੇ ਕਿਹਾ, ਗੁਰੂ ਜੀ, ਮੈਂ ਕੀ **ਕਰਾਂ** ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ? ਉਸ ਨੇ ਉਹ ਨੂੰ ਆਖਿਆ ਕਿ ਤੁਰੇਤ ਵਿੱਚ ਕੀ ਲਿਖਿਆ ਹੋਇਆ ਹੈ? ਤੂੰ ਕਿੱਕੁਰ ਪੜ੍ਹਦਾ ਹੈਂ? ਤਾਂ ਉਹ ਨੇ ਉੱਤਰ ਦਿੱਤਾ ਕਿ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ **ਪਿਆਰ** ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ। ਉਸ ਨੇ ਉਹ ਨੂੰ ਆਖਿਆ, ਤੈਂ ਠੀਕ ਉੱਤਰ ਦਿੱਤਾ, **ਇਹੋ ਕਰ** ਤਾਂ ਤੂੰ ਜੀਏਂਗਾ। ਪਰ ਉਹ ਜੋ ਚਾਹੁੰਦਾ ਸੀ ਭਈ **ਆਪਣੇ ਤਾਈਂ ਸੱਚਾ ਠਹਿਰਾਵੇ** ਯਿਸੂ ਨੂੰ ਕਿਹਾ, ਫੇਰ ਕੌਣ ਹੈ ਮੇਰਾ ਗੁਆਂਢੀ?

ਯਿਸੂ ਦੇ ਉੱਤਰ ਨੇ ਉਸ ਨੂੰ ਦੋਸ਼ੀ ਠਹਿਰਾਇਆ ਕਿ ਉਸ ਨੇ ਪਰਮੇਸ਼ੁਰ ਜਾਂ ਆਪਣੇ ਗੁਆਂਢੀ ਨੂੰ ਸੱਚਾ ਪਿਆਰ ਨਹੀਂ ਕੀਤਾ।

ਯਿਸੂ ਨੇ ਉੱਤਰ ਦਿੱਤਾ ਕਿ ਇੱਕ ਮਨੁੱਖ ਯਰੂਸ਼ਲਮ ਤੋਂ ਯਰੀਹੋ ਨੂੰ ਜਾਂਦਾ ਸੀ ਅਤੇ **ਡਾਕੂਆਂ** ਦੇ ਕਾਬੂ ਆ ਗਿਆ ਅਤੇ ਉਨ੍ਹਾਂ ਨੇ ਉਸ ਨੂੰ ਨੰਗਾ ਕਰਕੇ ਮਾਰਿਆ ਅਰ ਅਧਮੋਇਆ ਛੱਡ ਕੇ ਚੱਲੇ ਗਏ। ਸਬੱਬ ਨਾਲ ਇੱਕ **ਜਾਜਕ** ਉਸ ਰਸਤੇ ਉਤਰਿਆ ਜਾਂਦਾ ਸੀ ਅਤੇ ਉਹ ਨੂੰ ਵੇਖ ਕੇ **ਲਾਂਭੇ ਹੋ ਕੇ ਲੰਘ ਗਿਆ।** ਇਸੇ ਤਰਾਂ ਇੱਕ **ਲੇਵੀ** ਵੀ ਉੱਥੇ ਪਹੁੰਚਿਆ ਅਤੇ ਉਹ ਨੂੰ ਵੇਖ ਕੇ **ਲਾਂਭੇ ਹੋ ਕੇ ਲੰਘ ਗਿਆ।** ਪਰ ਇੱਕ **ਸਾਮਰੀ** ਸਫ਼ਰ ਕਰਦਾ ਹੋਇਆ ਉੱਥੇ ਆਇਆ। ਅਤੇ ਜਾਂ ਉਹ ਨੂੰ ਵੇਖਿਆ ਤਾਂ **ਤਰਸ** ਖਾ ਕੇ **ਉਹ ਦੇ ਕੋਲ ਗਿਆ** ਅਤੇ **ਤੇਲ ਅਰ ਮੈ** ਲਾਕੇ ਉਹ ਦੇ ਘਾਵਾਂ ਨੂੰ **ਬੰਨ੍ਹਿਆ** ਅਰ **ਆਪਣੀ ਅਸਵਾਰੀ** ਤੇ ਉਹ ਨੂੰ ਚੜ੍ਹਾ ਕੇ ਸਰਾਂ ਵਿੱਚ ਲਿਆਂਦਾ ਅਤੇ ਉਹ ਦੀ **ਟਹਿਲ ਟਕੋਰ ਕੀਤੀ।** ਫੇਰ ਸਵੇਰ ਨੂੰ **ਦੋ ਅੱਠਿਆਨੀਆਂ** ਕੱਢ ਕੇ ਭਠਿਆਰੇ ਨੂੰ ਦਿੱਤੀਆਂ ਅਤੇ ਆਖਿਆ ਭਈ ਇਹ ਦੀ ਟਹਿਲ ਟਕੋਰ ਕਰਦਾ ਰਹੀਂ, ਅਰ **ਜੋ ਕੁਝ ਤੇਰਾ ਹੋਰ ਲੱਗੂ** ਸੋ **ਮੈਂ** ਜਾਂ ਮੁੜ ਆਵਾਂ ਤੇਰਾ **ਭਰ ਦਿਆਂਗਾ।** ਸੋ ਉਸ ਮਨੁੱਖ ਦਾ ਜੋ ਡਾਕੂਆਂ ਦੇ ਹੱਥ ਪੈ ਗਿਆ ਉਨ੍ਹਾਂ ਤੇਹਾਂ ਵਿੱਚੋਂ ਕਿਹੜਾ ਤੈਨੂੰ ਗੁਆਂਢੀ ਮਲੂਮ ਹੁੰਦਾ ਹੈ? ਉਹ ਬੋਲਿਆ, ਜਿਹ ਨੇ ਉਸ ਉੱਤੇ ਦਯਾ ਕੀਤੀ। ਫੇਰ ਯਿਸੂ ਨੇ ਉਹ ਨੂੰ ਆਖਿਆ, ਤੂੰ ਵੀ ਜਾ ਕੇ ਏਵੇਂ ਹੀ ਕਰ।

**ਡਾਕੂ** -> ਪਾਪ ਅਤੇ ਸ਼ਤਾਨ: **ਪ੍ਰੇਰਣਾ**???

ਪਰਮੇਸ਼ੁਰ ਨੂੰ ਨਫ਼ਰਤ ਕਰਦਾ ਅਤੇ ਲੋਕਾਂ ਨੂੰ ਮਾਰਦਾ, ਚੁਰਾਉਂਦਾ ਅਤੇ ਨਾਸ ਕਰਦਾ ਹੈ।

*"ਜੋ ਤੁਹਾਡਾ ਹੈ ਉਹ ਮੇਰਾ ਹੈ ਅਤੇ ਮੈਂ ਇਸ ਨੂੰ ਲੈ ਲਵਾਂਗਾ"*

**ਜਾਜਕ** ਅਤੇ **ਲੇਵੀ** -> ਧਾਰਮਿਕ ਆਗੂ: **ਪ੍ਰੇਰਣਾ**???

ਆਖਦੇ ਹਨ ਕਿ ਉਹ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ > ਪਰ "*ਲਾਂਭੇ ਹੋ ਕੇ ਲੰਘ ਗਏ*"

ਆਪਣੇ ਧਰਮ ਨੂੰ ਪਿਆਰ ਕਰਦੇ > ਲੋਕ ਐਨੇ ਕੀਮਤੀ ਨਹੀਂ ਹਨ!

*"ਜੋ ਮੇਰਾ ਹੈ ਸੋ ਮੇਰਾ ਹੈ ਅਤੇ ਮੈਂ ਇਸ ਨੂੰ ਰੱਖਾਂਗਾ"।*

**ਧਾਰਮਿਕ ਲੋਕ:** (ਜਿਵੇਂ ਉੱਪਰ) ਲਾਂਭੇ ਹੋ ਕੇ ਲੰਘ ਗਏ

**1 ਯੂਹੰਨਾ 4:20-21** ਜੇ ਕੋਈ ਆਖੇ ਭਈ **ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ** ਅਤੇ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਭਰਾ ਨਾਲ ਜਿਸ ਨੂੰ ਉਹ ਨੇ ਵੇਖਿਆ ਹੈ **ਪ੍ਰੇਮ ਨਹੀਂ** ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹ ਨੇ ਨਹੀਂ ਵੇਖਿਆ **ਪ੍ਰੇਮ** ਰੱਖ ਹੀ ਨਹੀਂ ਸੱਕਦਾ। ਅਤੇ ਸਾਨੂੰ ਓਸ ਕੋਲੋਂ ਇਹ ਹੁਕਮ ਮਿਲਿਆ ਹੈ ਭਈ ਜਿਹੜਾ ਪਰਮੇਸ਼ੁਰ ਨਾਲ **ਪ੍ਰੇਮ ਰੱਖਦਾ ਹੈ** ਉਹ ਆਪਣੇ ਭਰਾ ਨਾਲ ਵੀ **ਪ੍ਰੇਮ** ਰੱਖੇ।

**ਸਾਮਰੀ** – ਉਹ ਜੋ ਸੱਚਮੁੱਚ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ ਅਤੇ ਜਾਣਦੇ ਹਨ:

- ਲੋਕ ਧਰਤੀ ਉੱਤੇ ਸਭ ਤੋਂ ਕੀਮਤੀ ਖਜ਼ਾਨਾ ਹਨ।

- ਆਪਣੇ ਸਮੇਂ / ਪੈਸੇ / ਕਾਰੋਬਾਰ ਨਾਲੋਂ ਜ਼ਿਆਦਾ ਲੋਕਾਂ ਨੂੰ ਪਿਆਰ ਕਰਦਾ ਹੈ

- ਲੋੜਵੰਦ ਵਿਅਕਤੀ ਕੋਲੋਂ ਲਾਂਭੇ ਹੋ ਕੇ ਨਹੀਂ ਲੰਘ ਸਕਦਾ

- *"ਜੋ ਮੇਰਾ ਹੈ ਉਹ ਤੁਹਾਡਾ ਹੈ ਅਤੇ ਜੇਕਰ ਤੁਹਾਨੂੰ ਲੋੜ ਹੈ ਤਾਂ ਮੈਂ ਇਹ ਦੇਵਾਂਗਾ !"*
  ਜੋ ਪਿਆਰ ਨਾਲ ਸ਼ੁਰੂ ਹੁੰਦਾ ਹੈ . . . ਜੀਵਨ ਨਾਲ ਸਮਾਪਤ ਹੁੰਦਾ ਹੈ !

ਵਿਕਟਰ ਹੁਗੋ ਨੇ ਇੱਕ ਮਹਾਨ ਨਾਵਲ ਲਿਖਿਆ ਜਿਸ ਦਾ ਸਿਰਲੇਖ ਇਹ ਸੀ: ਲੇਸ ਮਿਜ਼ਰੇਬਲ।

ਇਹ ਇੱਕ ਜਵਾਨ ਫ੍ਰੈਂਚ ਵਿਅਕਤੀ ਦੀ ਕਹਾਣੀ ਹੈ ਜਿਸ ਦਾ ਨਾਮ ਜੀਨ ਵਲਜੀਨ ਸੀ, ਜਿਸ ਨੂੰ ਰੋਟੀ ਚੁਰਾਉਣ ਦੇ ਅਪਰਾਧ ਵਿੱਚ ਉੱਨੀ ਸਾਲ ਸਖ਼ਤ ਮਿਹਨਤ ਕਰਨ ਦੀ ਸਜ਼ਾ ਸੁਣਾਈ ਗਈ ਸੀ।

ਜੀਨ ਵਲਜੀਨ ਆਮ ਤੌਰ 'ਤੇ ਵੱਡੇ ਅਪਰਾਧ ਵਿੱਚ ਬਹੁਤ ਸਖ਼ਤ ਦਿਲ ਦਾ ਹੋ ਗਿਆ ਸੀ। ਉਸ ਨੂੰ ਪਹਿਲੀ ਨਜ਼ਰ ਵਿੱਚ ਕੋਈ ਵੀ ਪਿਘਲਾ ਨਹੀਂ ਸਕਦਾ ਸੀ। ਉਸ ਦੀ ਇੱਛਾ ਨੂੰ ਕੋਈ ਵੀ ਤੋੜ ਨਹੀਂ ਸਕਦਾ ਸੀ। ਅਖੀਰ ਵਿੱਚ ਵਲਜੀਨ ਨੂੰ ਛੱਡ ਦਿੱਤਾ ਗਿਆ। ਹਾਲਾਂਕਿ ਉਨ੍ਹਾਂ ਦਿਨਾਂ ਵਿੱਚ ਅਪਰਾਧੀਆਂ ਨੂੰ ਪਹਿਚਾਣ ਪੱਤਰ ਨਾਲ ਲੈ ਕੇ ਚੱਲਣਾ ਪੈਂਦਾ ਸੀ ਅਤੇ ਕੋਈ ਵੀ ਖਤਰਨਾਕ ਅਪਰਾਧੀ ਨੂੰ ਇੱਕ ਰਾਤ ਕੱਟਣ ਲਈ ਸਥਾਨ ਨਹੀਂ ਦਿੰਦਾ ਸੀ।

ਚਾਰ ਦਿਨਾਂ ਤੱਕ ਉਹ ਖਰਾਬ ਮੌਸਮ ਤੋਂ ਬਚਣ ਲਈ ਪਨਾਹ ਲੱਭਦਾ ਹੋਇਆ ਪਿੰਡਾਂ ਦੀਆਂ ਸੜਕਾਂ ਉੱਤੇ ਭਟਕਦਾ ਰਿਹਾ, ਅਖੀਰ ਇੱਕ ਦਿਆਲੂ ਪਾਸਬਾਨ ਨੂੰ ਉਸ ਉੱਤੇ ਦਯਾ ਆਈ। ਉਸ ਰਾਤ ਚੰਗਾ ਭੋਜਨ ਕਰਨ ਤੋਂ ਬਾਅਦ ਅਤੇ ਪਾਸਬਾਨ ਨੂੰ ਮਿਲਣ ਤੋਂ ਬਾਅਦ, ਵਲਜੀਨ ਅਰਾਮਦਾਇਕ ਬਿਸਤਰ ਉੱਤੇ ਲੇਟ ਗਿਆ। ਪਰ ਉਹ ਉੱਥੇ ਉਦੋਂ ਤੱਕ ਜਾਗਦਾ ਪਿਆ ਰਿਹਾ ਜਦੋਂ ਤੱਕ ਪਾਸਬਾਨ ਸੌਂ ਨਹੀਂ ਗਿਆ।

ਉਹ ਆਪਣੇ ਬਿਸਤਰ ਤੋਂ ਉੱਠਿਆ, ਕਮਰਿਆਂ ਦਾ ਚੱਪਾ-ਚੱਪਾ ਛਾਣ ਮਾਰਿਆ ਅਤੇ ਪਰਿਵਾਰਿਕ ਚਾਂਦੀ ਲੈ ਲਈ ਅਤੇ ਹਨੇਰੇ ਵਿੱਚ ਅਲੋਪ ਹੋ ਗਿਆ। ਅਗਲੀ ਸਵੇਰ ਤਿੰਨ ਪੁਲਿਸ ਵਾਲਿਆਂ ਨੇ ਪਾਸਬਾਨ ਦੇ ਘਰ ਦਾ ਦਰਵਾਜ਼ਾ ਖੜ੍ਹਕਾਇਆ ਜਿਨ੍ਹਾਂ ਨੇ ਵਲਜੀਨ ਨੂੰ ਫੜ੍ਹਿਆ ਸੀ। ਉਨ੍ਹਾਂ ਨੇ ਅਪਰਾਧੀ ਨੂੰ ਚੁਰਾਈ ਹੋਈ ਚਾਂਦੀ ਨਾਲ ਜਹਾਜ਼ ਵਿੱਚ ਫੜ੍ਹਿਆ ਅਤੇ ਉਸ ਨੂੰ ਜੀਵਨ ਭਰ ਲਈ ਬੇੜੀਆਂ ਲਾਉਣ ਲਈ ਤਿਆਰ ਸਨ।
ਜਦੋਂ ਪਾਸਬਾਨ ਨੇ ਦਰਵਾਜ਼ਾ ਖੋਲ੍ਹਿਆ ਅਤੇ ਜੋ ਉਸ ਦੇ ਅੱਗੇ ਸੀ ਉਸ ਨੂੰ ਵੇਖਿਆ, ਉਸ ਨੇ ਇਸ ਤਰ੍ਹਾਂ ਦਾ ਵਿਹਾਰ ਕੀਤਾ ਜਿਵੇਂ ਕਿ ਉਹ ਕਿਸੇ ਹੋਰ ਦੇ ਨਹੀਂ, ਖਾਸ ਕਰਕੇ ਵਲਜੀਨ ਦੇ ਆਉਣ ਦੀ ਉਮੀਦ ਕਰ ਰਿਹਾ ਸੀ।

ਉਸ ਨੇ ਵਲਜੀਨ ਨੂੰ ਪੁਕਾਰ ਕੇ ਆਖਿਆ, "**ਮੈਨੂੰ ਤੈਨੂੰ ਵੇਖ ਕੇ ਖੁਸ਼ੀ ਹੋਈ**"। ਤੂੰ ਉਹ ਸ਼ਮਾਦਾਨ ਲੈਣੇ ਭੁੱਲ ਗਿਆ ਜੋ ਮੈਂ ਤੈਨੂੰ ਉਹ ਵੀ ਦਿੱਤੇ ਸਨ। ਉਹ ਵੀ ਬਾਕੀਆਂ ਵਾਂਗ ਚਾਂਦੀ ਦੇ ਹਨ ਅਤੇ ਉਨ੍ਹਾਂ ਦੀ ਕੀਮਤ 200 ਫ੍ਰਾਂਸ ਹੈ। ਵਲਜੀਨ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਹ ਬਜ਼ੁਰਗ ਵਿਅਕਤੀ ਵੱਲ ਇਸ ਤਰ੍ਹਾਂ ਵੇਖ ਰਿਹਾ ਸੀ ਕਿ ਉਸ ਕੋਲ ਆਖਣ ਲਈ ਕੋਈ ਸ਼ਬਦ ਨਹੀਂ ਹੈ।

ਪਾਸਬਾਨ ਨੇ ਪੁਲਿਸ ਨੂੰ ਯਕੀਨ ਦੁਆਇਆ ਕਿ ਵਲਜੀਨ ਇੱਕ ਚੋਰ ਨਹੀਂ ਸੀ ਅਤੇ ਇਹ ਚਾਂਦੀ ਉਸ ਨੂੰ ਤੋਹਫ਼ੇ ਵਿੱਚ ਦਿੱਤੀ ਗਈ ਸੀ। ਜਦੋਂ ਪੁਲਿਸ ਚੱਲੀ ਗਈ, ਪਾਸਬਾਨ ਨੇ ਸ਼ਮਾਦਾਨ ਮਹਿਮਾਨ ਨੂੰ ਦਿੱਤੇ ਜੋ ਹੁਣ ਚੁੱਪ ਸੀ ਅਤੇ ਕੰਬ

ਰਿਹਾ ਸੀ। *"ਭੁੱਲੋ ਨਾ, ਕਦੇ ਵੀ ਭੁੱਲੋ ਨਾ,"* ਪਾਸਬਾਨ ਨੇ ਆਖਿਆ, *"ਤੂੰ ਆਪਣੇ ਆਪ ਨੂੰ ਇਮਾਨਦਾਰ ਵਿਅਕਤੀ ਬਣਾਉਣ ਲਈ ਪੈਸੇ ਨੂੰ ਵਰਤਣ ਦਾ ਵਾਅਦਾ ਕੀਤਾ ਹੈ"।*

ਪਾਸਬਾਨ ਦੇ ਕੰਮ ਦੀ ਸਮਰੱਥਾ, ਹਰੇਕ ਮਨੁੱਖ ਦੇ ਬਦਲਾ ਲੈਣ ਵਾਲੇ ਸੁਭਾਅ ਅਤੇ ਪੈਸੇ ਲਈ ਪਿਆਰ ਨੂੰ ਚਣੌਤੀ ਦਿੰਦੀ ਹੈ, ਜਿਸ ਨੇ ਜੀਨ ਵਲਜੀਨ ਦੇ ਜੀਵਨ ਨੂੰ ਸਦਾ ਲਈ ਬਦਲ ਦਿੱਤਾ। ਉਸ ਦਾ ਪੱਥਰ ਦਾ ਦਿਲ ਪਿਘਲ ਗਿਆ ਅਤੇ ਉਸ ਨੇ ਆਪਣਾ ਜੀਵਨ ਦੂਸਰਿਆਂ ਦੀ ਸਹਾਇਤਾ ਕਰਨ ਲਈ ਸਮਰਪਣ ਕੀਤਾ।

## ਜੋ ਪਿਆਰ ਨਾਲ ਸ਼ੁਰੂ ਹੁੰਦਾ ਹੈ. . . ਜੀਵਨ ਨਾਲ ਸਮਾਪਤ ਹੁੰਦਾ ਹੈ !

ਲੂਕਾ 6:27-36 ਪਰ ਮੈਂ **ਤੁਹਾਨੂੰ ਜੋ ਸੁਣਦੇ ਹੋ** ਆਖਦਾ ਹਾਂ ਭਈ ਆਪਣੇ ਦੁਸ਼ਮਣਾਂ ਨਾਲ **ਪਿਆਰ ਕਰੋ**। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ **ਭਲਾ ਕਰੋ**। ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ **ਅਸੀਸ ਦਿਓ।** ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਦੇ ਲਈ **ਪ੍ਰਾਰਥਨਾ ਕਰੋ**। ਜੋ ਤੇਰੀ ਇੱਕ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਕਰ ਦਿਹ ਅਰ ਜੋ ਤੇਰੀ ਚਾਦਰ ਖੋਹ ਲਵੇ ਉਹ ਨੂੰ ਕੁੜਤਾ ਵੀ ਲੈਣੋਂ ਮਨਾ ਨਾ ਕਰ। ਜੋ ਕੋਈ ਤੈਥੋਂ ਮੰਗੇ ਉਹ ਨੂੰ **ਦਿਹ** ਅਰ ਜੋ ਤੇਰੀਆਂ ਵਸਤਾਂ ਖੋਹ ਲਵੇ ਉਸ ਤੋਂ ਮੁੜ ਨਾ ਮੰਗ। ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ। ਜੇ ਤੁਸੀਂ ਉਨ੍ਹਾਂ ਨਾਲ **ਪਿਆਰ** ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਹਸਾਨ ਹੈ ਕਿਉਂ ਜੋ ਪਾਪੀ ਲੋਕ ਵੀ ਆਪਣਿਆਂ **ਪਿਆਰ** ਕਰਨ ਵਾਲਿਆਂ ਨਾਲ ਪਿਆਰ ਕਰਦੇ ਹਨ? ਅਰ ਜੇ ਤੁਸੀਂ ਉਨ੍ਹਾਂ ਹੀ ਦਾ ਭਲਾ ਕਰੋ ਜਿਹੜੇ ਤੁਹਾਡਾ ਭਲਾ ਕਰਦੇ ਹਨ ਤਾਂ ਤੁਹਾਡਾ ਕੀ ਹਸਾਨ ਹੈ ਕਿਉਂ ਜੋ ਪਾਪੀ ਲੋਕ ਵੀ ਇਹੋ ਕਰਦੇ ਹਨ? ਜੇ ਤੁਸੀਂ ਉਨ੍ਹਾਂ ਹੀ ਨੂੰ ਉਧਾਰ ਦਿਓ ਜਿਨ੍ਹਾਂ ਕੋਲੋਂ ਲੈਣ ਦੀ ਆਸਾ ਹੋਵੇ ਤਾਂ ਤੁਹਾਡਾ ਕੀ ਹਸਾਨ ਹੈ? ਪਾਪੀ ਲੋਕ ਵੀ ਪਾਪੀਆਂ ਨੂੰ ਉਧਾਰ ਦਿੰਦੇ ਹਨ ਭਈ ਮੁੜ ਕੇ ਉਨ੍ਹਾਂ ਤੋਂ ਓੰਨਾ ਹੀ ਲੈ ਲੈਣ। ਪਰ ਤੁਸੀਂ ਆਪਣਿਆ ਵੈਰੀਆਂ ਨਾਲ **ਪਿਆਰ ਕਰੋ** ਅਤੇ ਉਨ੍ਹਾਂ ਦਾ **ਭਲਾ ਕਰੋ।** ਨਿਰਾਸ ਨਾ ਹੋ ਕੇ **ਉਧਾਰ ਦਿਓ** ਤਾਂ **ਤੁਹਾਡਾ ਫਲ ਬਹੁਤ ਹੋਵੇਗਾ** ਅਤੇ ਤੁਸੀਂ ਅੱਤ ਮਹਾਨ ਦੇ **ਪੁੱਤਰ ਹੋਵੋਗੇ** ਕਿ ਉਹ ਨਾ ਸ਼ੁਕਰਿਆਂ ਅਤੇ ਦੁਸ਼ਟਾਂ ਉੱਤੇ ਦਿਆਲੂ ਹੈ। ਦਿਆਲੂ ਹੋਵੋ ਜਿਵੇਂ ਤੁਹਾਡਾ ਪਿਤਾ ਦਿਆਲੂ ਹੈ।

ਮੱਤੀ 5:45 ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ। ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ **ਸੰਪੂਰਣ ਹੋਵੋ।**

1 ਕੁਰਿੰਥੀਆਂ 13:13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ **ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।**

ਇਹ ਪਰਮੇਸ਼ੁਰ ਦਾ ਰਾਜ ਹੈ!

- ਪਿਆਰ ਕੁੰਜੀ ਹੈ।
- ਇਹ ਇੱਕ ਜੀਵਨ ਵਿੱਚ ਦਰਵਾਜ਼ਾ ਖੋਲ੍ਹੇਗਾ ਜੋ ਤੁਹਾਡੀ ਕਲਪਨਾ ਤੋਂ ਪਰੇ ਹੈ!
- ਪਿਆਰ ਧਰਤੀ ਉੱਤੇ ਸਭ ਤੋਂ ਸ਼ਕਤੀਸ਼ਾਲੀ ਬਲ ਹੈ ਕਿਉਂਕਿ . .
  **"ਪਰਮੇਸ਼ੁਰ ਪਿਆ ਹੈ"।**

ਅਫਸੀਆਂ 3:14-19 ਤੁਹਾਡੇ ਲਈ ਪੌਲੁਸ ਦੀ ਪ੍ਰਾਰਥਨਾ:

ਇਸ ਕਾਰਨ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ। ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ। ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ **ਉਹ ਦੇ ਆਤਮਾ ਦੇ** ਰਾਹੀਂ **ਅੰਦਰਲੀ ਇਨਸਾਨੀਅਤ ਵਿੱਚ ਸਮਰੱਥਾ ਨਾਲ ਬਲਵੰਤ ਬਣੋ। ਕਿ** {1} **ਮਸੀਹ ਤੁਹਾਡੀਆਂ ਮਨਾਂ ਵਿੱਚ** ਨਿਹਚਾ ਦੇ ਦੁਆਰਾ **ਵੱਸੇ** ਤਾਂ ਜੋ {2} **ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ ਤੁਸੀਂ** ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੋ ਭਈ ਕਿੰਨੀ ਹੀ **ਚੁੜਾਈ, ਲੰਬਾਈ, ਉਚਾਈ** ਅਤੇ **ਡੂੰਘਾਈ** ਹੈ ਅਤੇ **ਮਸੀਹ ਦੇ ਪ੍ਰੇਮ** ਨੂੰ ਜੋ **ਗਿਆਨ ਤੋਂ ਪਰੇ ਹੈ** ਚੰਗੀ ਤਰਾਂ **ਜਾਣ ਸੱਕੋ** {3} ਭਈ ਤੁਸੀਂ **ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।**

ਜ਼ਿਆਦਾ ਪਵਿੱਤਰ ਆਤਮਾ > ਜ਼ਿਆਦਾ ਯਿਸੂ > ਜ਼ਿਆਦਾ ਪਿਆਰ > ਹੋਰ ਜ਼ਿਆਦਾ ਪਿਆਰ > ਜ਼ਿਆਦਾ "ਪਰਮੇਸ਼ੁਰ ਦੀ ਭਰਪੂਰੀ"।

- ਤੁਸੀਂ ਕੀ ਭਾਲ ਰਹੇ ਹੋ?? ਤੁਸੀਂ ਕੀ ਚਾਹੁੰਦੇ ਹੋ??
- ਤੁਹਾਡੇ ਜੀਵਨ ਉੱਤੇ ਕੀ ਰਾਜ ਕਰਦਾ ਹੈ??
- ਰਾਜ ਵਿੱਚ ਤੁਸੀਂ ਕਿੱਥੇ ਤੱਕ ਹੋ?
- ਤੁਸੀਂ ਕਿੱਥੇ ਤੱਕ ਜਾਣਾ ਚਾਹੁੰਦੇ ਹੋ?
- ਤੁਸੀਂ ਆਪਣੀ ਰੇਖਾ ਨੂੰ ਕਿੱਥੇ ਖਿੱਚਦੇ ਹੋ?
- ਕੀ ਤੁਸੀਂ ਪਰਮੇਸ਼ੁਰ ਲਈ ਇੱਕ ਸਮਰਪਣ ਕਰੋਗੇ:

1. ਗੰਭੀਰਤਾ ਨਾਲ ਪ੍ਰਾਰਥਨਾ ਕਰਨਾ "**ਤੇਰਾ ਰਾਜ ਆਵੇ, ਤੇਰੀ ਮਰਜ਼ੀ ਪੂਰੀ ਹੋਵੇ**"
   ਪਹਿਲਾਂ ਮੇਰੇ ਜੀਵਨ ਵਿੱਚ।
2. ਜ਼ਿਆਦਾ ਪਵਿੱਤਰ ਆਤਮਾ ਨੂੰ ਭਾਲੋ ਅਤੇ ਦਿਲ ਤੋਂ ਇੱਛਾ ਕਰੋ > ਜ਼ਿਆਦਾ ਯਿਸੂ ਨੂੰ > ਜ਼ਿਆਦਾ ਪਿਆਰ ਨੂੰ > ਤਾਂ ਕਿ ਤੁਸੀਂ ਪਰਮੇਸ਼ੁਰ ਦੀ ਭਰਪੂਰੀ ਨਾਲ ਭਰਪੂਰ ਹੋ ਜਾਓ।

## ਕੁੰਜੀ #5 ਖੁਸ਼ਖਬਰੀ ਦਾ ਪ੍ਰਚਾਰ ਕਰਨਾ

2 ਕੁਰਿੰਥੀਆਂ 5:17-21

ਆਇਤ 18 **ਸਾਨੂੰ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ।**

ਬਹਾਲ ਕਰਨ ਲਈ, ਇੱਕ ਗੂੜੇ ਸਬੰਧ ਨੂੰ ਫਿਰ ਤੋਂ ਸਥਾਪਿਤ ਕਰਨ ਲਈ

ਆਇਤ 19 ਮੇਲ ਮਿਲਾਪ ਦਾ **ਬਚਨ** ਸਾਨੂੰ ਸੌਂਪ ਦਿੱਤਾ।

-> ਇਹ ਪ੍ਰਚਾਰ ਹੈ !

ਆਇਤ 20 **ਰਾਜਦੂਤ**: ਇੱਕ ਪ੍ਰਤੀਨਿਧੀ (**ਅਦਰਸ਼ ਰੂਪ ਵਿੱਚ, ਪ੍ਰਚਾਰਕ**) ਹਰੇਕ ਨਵਾਂ ਜਨਮ ਪਾਇਆ ਹੋਇਆ ਵਿਸ਼ਵਾਸੀ ਪ੍ਰਚਾਰਕ / ਸੇਵਕ ਹੈ

- ਕਿਸੇ ਗਿਰਜਾਘਰ ਵਿੱਚ ਜਾਓ ਅਤੇ ਪੁੱਛੋ "ਪ੍ਰਚਾਰਕ ਕੌਣ ਹੈ?" ਆਪਣੇ ਹੱਥ ਕੌਣ ਖੜ੍ਹੇ ਕਰਨਗੇ?

ਪਹਿਲਾ ਵਿਅਕਤੀ ਕੌਣ ਸੀ ਜਿਸ ਨੂੰ ਖੁਸ਼ਖਬਰੀ ਦਿੱਤੀ ਗਈ?

ਪਹਿਲਾ ਵਿਅਕਤੀ ਕੌਣ ਸੀ ਜਿਸ ਨੂੰ ਬਰਕਤ ਅਤੇ ਜੀਵਨ ਦੀਆਂ ਕੁੰਜੀਆਂ ਦਿੱਤੀਆਂ ਗਈਆਂ – ਸੰਸਾਰ ਦੇ ਲੋਕਾਂ ਨੂੰ ਲੈਣ ਲਈ?

ਉੱਤਰ: ਗਲਾਤੀਆਂ 3:8 ਅਤੇ ਧਰਮ ਪੁਸਤਕ ਨੇ ਅੱਗਿਓਂ ਇਹ ਵੇਖ ਕੇ ਭਈ ਪਰਮੇਸ਼ੁਰ ਪਰਾਈਆਂ ਕੌਮਾਂ ਨੂੰ ਨਿਹਚਾ ਦੇ ਰਾਹੀਂ ਧਰਮੀ ਠਹਿਰਾਵੇਗਾ **ਅਬਰਾਹਾਮ ਨੂੰ ਅੱਗੋਂ ਹੀ ਇਹ ਖੁਸ਼ ਖਬਰੀ ਸੁਣਾਈ** ਭਈ ਸਭ ਕੌਮਾਂ ਤੇਰੇ ਵਿੱਚ ਮੁਬਾਰਕ ਹੋਣਗੀਆਂ।

ਉਤਪਤ 12:1-3 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ ਤੂੰ ਆਪਣੇ ਦੇਸ ਤੋਂ ਅਰ ਆਪਣੇ ਸਾਕਾਂ ਤੋਂ ਅਰ ਆਪਣੇ ਪਿਤਾ ਦੇ ਘਰ ਤੋਂ ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ (ਮਿਸ਼ਨ ਲਈ ਇੱਕ ਸੱਦਾ) ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ ਅਰ ਮੈਂ ਤੈਨੂੰ ਅਸੀਸ ਦਿਆਂਗਾ ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ ਅਰ ਤੂੰ ਬਰਕਤ ਦਾ ਕਾਰਨ ਹੋ ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ।

- ਧਰਤੀ ਦੇ ਸਾਰੇ ਘਰਾਣਿਆਂ ਲਈ ਅਸੀਸ ਹੋਣ ਲਈ ਅਸੀਸ ਪਾਇਆ ਹੋਇਆ
- ਤੁਸੀਂ ਅਸੀਸ ਪਾਵੋਗੇ ਜਦੋਂ ਤੁਸੀਂ ਆਪਣੇ ਆਪ ਨੂੰ ਮਿਸ਼ਨ ਲਈ ਦੇਵੋਗੇ

ਅਬਰਾਹਾਮ ਅਤੇ ਅਬਰਾਹਾਮ ਦਾ ਪਰਿਵਾਰ -> ਇਸਰਾਏਲ <- ਪਰਮੇਸ਼ੁਰ ਕੌਣ ਹੈ ਦੇ ਗਿਆਨ ਨਾਲ ਧੰਨ ਸਨ:

(1) ਇੱਕ ਮੁਕਤੀਦਾਤਾ – ਮਿਸਰ ਤੋਂ ਲੇਲੇ ਦੇ ਲਹੂ ਦੁਆਰਾ

(2) ਇੱਕ ਮੁਹੱਈਆ ਕਰਾਉਣ ਵਾਲਾ – ਉਜਾੜ ਵਿੱਚ

(3) ਉਸ ਦੀ ਅਰਾਧਨਾ ਅਤੇ ਸੇਵਾ ਕਿਵੇਂ ਕਰੀਏ – ਤੰਬੂ

(4) ਅਤੇ ਇਸ ਚੰਗੀ ਖ਼ਬਰ ਨੂੰ ਧਰਤੀ ਦੇ ਸਾਰੇ ਪਰਿਵਾਰਾਂ ਤੱਕ ਲੈ ਕੇ ਜਾਣ ਦੀ ਜ਼ਿੰਮੇਵਾਰੀ।

ਹਾਲਾਂਕਿ ਸਮੇਂ ਦੇ ਬੀਤਣ ਨਾਲ ਉਨ੍ਹਾਂ ਨੇ ਇਹ ਆਖਣਾ ਸ਼ੁਰੂ ਕਰ ਦਿੱਤਾ:
"ਅਸੀਂ ਪਰਮੇਸ਼ੁਰ ਦੇ ਚੁਣੇ ਹੋਏ ਲੋਕ ਹਾਂ > ਪਰਮੇਸ਼ੁਰ ਸਾਨੂੰ ਪਿਆਰ ਕਰਦਾ ਹੈ, ਪਰਾਈਆਂ ਕੌਮਾਂ ਜੋ ਕੁੱਤਿਆਂ ਵਰਗੀਆਂ ਹਨ, ਨੂੰ ਨਹੀਂ ਕਰਦਾ"।

ਅਬਰਾਹਾਮ {ਇਸਰਾਏਲ} ਨੂੰ ਕੁੰਜੀਆਂ ਦੇਣ ਦੇ 2000 ਸਾਲ ਬਾਅਦ, ਯਿਸੂ ਆਇਆ ਅਤੇ ਉਹ ਇਸਰਾਏਲ ਉੱਤੇ ਗੁੱਸੇ ਸੀ:

ਮੱਤੀ 21:33-43 ਇੱਕ ਹੋਰ ਦ੍ਰਿਸ਼ਟਾਂਤ ਸੁਣੋ ਜੋ ਇੱਕ ਘਰ ਦਾ ਮਾਲਕ ਸੀ ਜਿਹਨੇ ਅੰਗੂਰੀ ਬਾਗ਼ ਲਾਇਆ ਅਤੇ ਉਹ
ਦੇ ਚੁਫੇਰੇ ਬਾੜ ਦਿੱਤੀ ਅਤੇ ਉਸ ਵਿੱਚ ਰਸ ਲਈ ਇੱਕ ਚੁਬੱਚਾ ਕੱਢਿਆ ਅਤੇ ਬੁਰਜ ਉਸਾਰਿਆ ਅਰ ਉਹ ਨੂੰ ਮਾਲੀਆਂ
ਦੇ ਹੱਥ ਸੌਂਪ ਕੇ ਪਰਦੇਸ ਚੱਲਿਆ ਗਿਆ। 34 ਜਾਂ ਫਲਾਂ ਦੀ ਰੁੱਤ ਨੇੜੇ ਆਈ ਤਾਂ ਉਹ ਨੇ ਆਪਣੇ ਚਾਕਰ ਮਾਲੀਆਂ ਦੇ
ਕੋਲ ਆਪਣੇ ਫਲ ਲੈਣ ਲਈ ਘੱਲੇ। 35 ਅਤੇ ਮਾਲੀਆਂ ਨੇ ਉਹ ਦੇ ਚਾਕਰਾਂ ਨੂੰ ਫੜ ਕੇ ਕਿਸੇ ਨੂੰ ਕੁੱਟਿਆ ਅਰ ਕਿਸੇ ਨੂੰ
ਮਾਰ ਸੁੱਟਿਆ ਅਰ ਕਿਸੇ ਨੂੰ ਪਥਰਾਉ ਕੀਤਾ। 36 ਫੇਰ ਉਹ ਨੇ ਹੋਰ ਚਾਕਰ ਪਹਿਲਿਆਂ ਨਾਲੋਂ ਵਧੀਕ ਘੱਲੇ ਅਤੇ ਉਨ੍ਹਾਂ
ਨੇ ਇਨ੍ਹਾਂ ਨਾਲ ਵੀ ਉਸੇ ਤਰਾਂ ਕੀਤਾ। 37 ਓੜਕ **ਉਸ ਨੇ ਆਪਣੇ ਪੁੱਤਰ {ਯਿਸੂ} ਨੂੰ** ਉਨ੍ਹਾਂ ਦੇ ਕੋਲ ਇਹ ਕਹਿ ਕੇ
**ਘੱਲਿਆ** ਭਈ ਉਹ ਮੇਰੇ ਪੁੱਤਰ ਦਾ ਆਦਰ ਕਰਨਗੇ। 38 ਪਰ ਮਾਲੀਆਂ ਨੇ ਜਾਂ ਉਹ ਦੇ ਪੁੱਤਰ ਨੂੰ ਵੇਖਿਆ ਤਾਂ ਆਪੋ
ਵਿੱਚ ਕਿਹਾ, **ਵਾਰਸ ਏਹੋ ਹੈ**, ਆਓ **ਇਹ ਨੂੰ ਮਾਰ ਸੁੱਟੀਏ** ਅਤੇ ਉਹ ਦਾ ਵਿਰਸਾ ਸਾਂਭ ਲਈਏ। 39 ਅਤੇ ਉਨ੍ਹਾਂ **ਉਸ ਨੂੰ**
ਫੜਿਆ ਅਰ ਬਾਗੋਂ ਬਾਹਰ ਕੱਢ ਕੇ **ਮਾਰ ਸੁੱਟਿਆ।** 40 ਸੋ ਜਦ ਬਾਗ਼ ਦਾ ਮਾਲਕ ਆਵੇਗਾ ਤਦ ਉਨ੍ਹਾਂ ਮਾਲੀਆਂ ਨਾਲ
ਕੀ ਕਰੇਗਾ? 41 ਉਨ੍ਹਾਂ ਨੇ ਉਸ ਨੂੰ ਆਖਿਆ ਕਿ ਉਨ੍ਹਾਂ ਬੁਰਿਆਰਾਂ ਦਾ ਬੁਰੀ ਤਰਾਂ ਨਾਸ ਕਰੂ ਅਤੇ **ਅੰਗੂਰੀ ਬਾਗ਼ ਹੋਰਨਾਂ
ਮਾਲੀਆਂ ਨੂੰ ਸੌਂਪੇਗਾ** ਜੋ ਰੁੱਤ ਸਿਰ ਉਸ ਨੂੰ ਫਲ ਪੁਚਾਉਣਗੇ। 42 ਯਿਸੂ ਨੇ ਉਨ੍ਹਾਂ ਨੂੰ ਆਖਿਆ, ਭਲਾ ਤੁਸਾਂ ਲਿਖਤਾਂ
ਵਿੱਚ ਕਦੇ ਨਹੀਂ ਪੜ੍ਹਿਆ ਜਿਸ ਪੱਥਰ ਨੂੰ ਰਾਜਾਂ ਨੇ ਰੱਦਿਆ, ਸੋਈ ਖੂੰਜੇ ਦਾ ਸਿਰਾ ਹੋ ਗਿਆ। ਇਹ ਪ੍ਰਭੂ ਦੀ ਵੱਲੋਂ
ਹੋਇਆ, ਅਤੇ ਸਾਡੀ ਨਜ਼ਰ ਵਿੱਚ ਅਚਰਜ ਹੈ। 43 ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਪਰਮੇਸ਼ੁਰ ਦਾ ਰਾਜ
**ਤੁਹਾਥੋਂ ਖੋਹਿਆ** ਅਤੇ **ਪਰਾਈ ਕੌਮ ਨੂੰ ਜਿਹੜੀ ਉਹ ਦੇ ਫਲ ਦੇਵੇ ਦਿੱਤਾ ਜਾਵੇਗਾ**। ->

-> ਉਸ ਦੀ ਕਲੀਸਿਯਾ ਮੈਂ ਅਤੇ ਤੁਸੀਂ।

ਮੱਤੀ 23:37 ਹੇ ਯਰੂਸ਼ਲਮ ਯਰੂਸ਼ਲਮ! **ਤੂੰ ਜੋ ਨਬੀਆਂ ਨੂੰ ਕਤਲ ਕਰਦਾ ਹੈਂ** ਅਤੇ **ਉਨ੍ਹਾਂ ਨੂੰ ਜਿਹੜੇ ਤੇਰੇ ਕੋਲ ਘੱਲੇ ਗਏ ਪਥਰਾਉ ਕਰਦਾ ਹੈਂ** ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰਾਂ ਇਕੱਠੇ ਕਰਾਂ ਜਿਸ ਤਰਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਇਕੱਠੇ ਕਰਦੀ ਹੈ ਪਰ **ਤੁਸਾਂ ਨਾ ਚਾਹਿਆ**। ਵੇਖੋ **ਤੁਹਾਡਾ ਘਰ ਤੁਹਾਡੇ ਲਈ ਉਜਾੜ ਛੱਡਿਆ ਜਾਂਦਾ ਹੈ।** ਕਿਉਂਕਿ ਮੈਂ ਤੁਹਾਨੂੰ ਆਖਦਾ ਹਾਂ ਜੋ ਤੁਸੀਂ ਮੈਨੂੰ ਏਦੋਂ ਅੱਗੇ ਫੇਰ ਨਾ ਵੇਖੋਗੇ ਜਦ ਤੋੜੀ ਇਹ ਨਾ ਕਹੋਗੇ ਭਈ ਮੁਬਾਰਕ ਹੈ ਉਹ ਜਿਹੜਾ ਪ੍ਰਭੂ ਦੇ ਨਾਮ ਉੱਤੇ ਆਉਂਦਾ ਹੈ।

ਯਿਸੂ ਨੇ ਸੇਵਾ ਲਈ -> ਖੁਸ਼ਖਬਰੀ ਦਾ ਪ੍ਰਚਾਰ, ਇਸਰਾਏਲ ਕੋਲੋਂ ਲੈ ਲਿਆ ਅਤੇ ਇਹ ਸੇਵਕਾਈ ਆਪਣੀ ਕਲੀਸਿਯਾ ਨੂੰ ਦਿੱਤੀ ! ਤੁਹਾਨੂੰ ਅਤੇ ਮੈਨੂੰ!

ਸਾਨੂੰ ਸਾਡਾ ਕੰਮ ਦਿੱਤਾ:
ਯੂਹੰਨਾ 9:4 **ਸਾਨੂੰ ਚਾਹੀਦਾ ਹੈ** ਕਿ ਦਿਨ ਹੁੰਦੇ ਹੁੰਦੇ ਉਹ ਦੇ ਕੰਮ ਕਰੀਏ ਜਿਨ੍ਹ ਮੈਨੂੰ ਘੱਲਿਆ। ਰਾਤ ਚੱਲੀ ਆਉਂਦੀ ਹੈ ਜਦੋਂ ਕੋਈ ਕੰਮ ਨਹੀਂ ਕਰ ਸੱਕਦਾ।

ਯੂਹੰਨਾ 20:21 **ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ,** ਤੁਹਾਡੀ ਸ਼ਾਂਤੀ ਹੋਵੇ! ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ **ਮੈਂ ਵੀ ਤੁਹਾਨੂੰ ਘੱਲਦਾ ਹਾਂ।**

ਪਿਤਾ ਨੇ ਯਿਸੂ ਨੂੰ ਕਿਵੇਂ ਭੇਜਿਆ? ਮਸਹ ਕੀਤਾ ਅਤੇ ਆਤਮਾ ਨਾਲ ਭਰਪੂਰ

ਯਿਸੂ ਨੇ ਕਿਹਾ: **ਪ੍ਰਭੂ ਦਾ ਆਤਮਾ** ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ (1) **ਖੁਸ਼ ਖਬਰੀ** ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ (2) ਬੰਧੂਆਂ ਨੂੰ **ਛੁੱਟਣ** ਅਤੇ (3) ਅੰਨ੍ਹਿਆਂ ਨੂੰ **ਵੇਖਣ** ਦਾ ਪਰਚਾਰ ਕਰਾਂ, ਤੇ (4) ਕੁਚਲਿਆਂ ਹੋਇਆਂ ਨੂੰ ਛੁਡਾਵਾਂ, ਅਤੇ (5) ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ **ਪਰਚਾਰ ਕਰਾਂ**। ਲੂਕਾ 4:18-19 (ਅੰਗਰੇਜ਼ੀ ਵਿੱਚ ਇਹ ਹਵਾਲਾ ਬਾਈਬਲ ਦੇ ਹੋਰ ਸੰਸਕਰਣ ਤੋਂ ਲਿਆ ਗਿਆ ਹੈ)

- ਇਹ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਮਕਸਦ ਹੈ ! ! !

- ਜੇਕਰ ਯਿਸੂ ਨੂੰ ਲੋੜ ਸੀ **ਪ੍ਰਭੂ ਦਾ ਆਤਮਾ ਮੇਰੇ ਉੱਤੇ** ਹੈ / **ਮਸਹ ਦੀ -> ਤਾਂ ਤੁਹਾਨੂੰ ਅਤੇ ਮੈਨੂੰ ਕਿੰਨੀ ਲੋੜ ਹੈ** ???

ਲੂਕਾ 4:43 ਪਰ ਉਸ ਨੇ ਉਨ੍ਹਾਂ ਨੂੰ ਆਖਿਆ ਕਿ ਮੈਨੂੰ ਚਾਹੀਦਾ ਹੈ ਜੋ ਹੋਰਨਾਂ ਨਗਰਾਂ ਵਿੱਚ ਵੀ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਸੁਣਾਵਾਂ ਕਿਉਂ ਕਿ ਮੈਂ ਇਸੇ ਲਈ ਘੱਲਿਆ ਗਿਆ।

ਮੱਤੀ 9:35-38 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ **ਉਪਦੇਸ਼** ਦਿੰਦਾ ਅਤੇ ਰਾਜ ਦੀ ਖ਼ੁਸ਼ ਖ਼ਬਰੀ ਦਾ **ਪਰਚਾਰ ਕਰਦਾ** ਹੋਇਆ ਅਤੇ **ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ** ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ। ਅਤੇ ਜਾਂ ਉਹ ਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ। ਤਦ ਉਹ ਨੇ ਆਪਣੇ ਚੇਲਿਆਂ ਨੂੰ ਆਖਿਆ, ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਵਾਢੇ ਥੋੜੇ ਹਨ। ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ **ਵਾਢੇ ਘੱਲ ਦੇਵੇ**।

- ਤੁਸੀਂ ਇਸ ਪ੍ਰਾਰਥਨਾ ਦਾ ਉੱਤਰ ਹੋ !

ਯਿਸੂ ਇੱਕ ਮਨੁੱਖ ਸੀ। ਉਸ ਨੂੰ ਸਹਾਇਤਾ ਦੀ ਲੋੜ ਸੀ, ਇਸ ਲਈ . . .

ਮੱਤੀ 10:1 ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਇਖ਼ਤਿਆਰ ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ।

- ਯਿਸੂ, ਰਾਜਿਆਂ ਦੇ ਰਾਜਾ ਅਤੇ ਪ੍ਰਭੂਆਂ ਦੇ ਪ੍ਰਭੂ (1 ਤਿਮੋਥਿਉਸ 6:15; ਪਰਕਾਸ਼ ਦੀ ਪੋਥੀ 17:14) ਨੇ ਰਾਜ ਦਾ ਅਧਿਕਾਰ ਆਪਣੇ ਚੇਲਿਆਂ ਨੂੰ ਇਸ ਲਈ ਦਿੱਤਾ:

ਮੱਤੀ 10:7-9 ਅਤੇ ਤੁਰਦੇ ਤੁਰਦੇ **ਪਰਚਾਰ ਕਰ** ਕੇ ਆਖੋ ਭਈ ਸੁਰਗ ਦਾ **ਰਾਜ** ਨੇੜੇ ਆਇਆ ਹੈ। **ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ**। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।

- **ਉੱਤੇ ਦਿੱਤੇ ਸਭ ਪਰਮੇਸ਼ੁਰ ਦੇ ਰਾਜ ਨੂੰ ਪਰਗਟ ਕਰਦੇ ਹਨ**

1 ਕੁਰਿੰਥੀਆਂ 2:4-5 ਪੌਲੁਸ ਦੀ ਗਵਾਹੀ: ਅਤੇ ਮੇਰਾ **ਬਚਨ** ਅਤੇ ਮੇਰਾ **ਪਰਚਾਰ** ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ **ਆਤਮਾ** ਅਤੇ **ਸਮਰੱਥਾ ਦੇ ਪਰਮਾਣ** ਨਾਲ ਸੀ। [5]ਤਾਂ ਜੋ **ਤੁਹਾਡੀ ਨਿਹਚਾ** ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ **ਪਰਮੇਸ਼ੁਰ ਦੀ ਸਮਰੱਥਾ** ਉੱਤੇ ਠਹਿਰੇ।

ਯਿਸੂ ਨੇ ਕਿਹਾ ਕਿ ਇਹੋ ਅਧਿਕਾਰ, ਸਮਰੱਥਾ ਅਤੇ ਪ੍ਰਗਟਾਵਾ ਸਾਡੀ ਸੇਵਾ ਵਿੱਚ ਹੋਣਾ ਚਾਹੀਦਾ ਹੈ !

ਯੂਹੰਨਾ 14:12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਜੋ** ਮੇਰੇ ਉੱਤੇ **ਨਿਹਚਾ ਕਰਦਾ ਹੈ** ਸੋ **ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ** ਸਗੋਂ **ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ** ਕਿਉਂ ਜੋ ਮੈਂ ਪਿਤਾ ਕੋਲ ਜਾਂਦਾ ਹਾਂ।

- ਇਸ ਉੱਤੇ ਵਿਸ਼ਵਾਸ ਕਰੋ, ਇਸ ਦੀ ਆਸ ਕਰੋ, ਖੁਸ ਖਬਰੀ ਦਾ ਪ੍ਰਚਾਰ ਕਰਦੇ ਹੋਏ ਪਰਮੇਸ਼ੁਰ ਦੀ ਸਮਰੱਥਾ ਨੂੰ ਪਰਗਟ ਕਰਨ ਦੇ ਮੌਕਿਆਂ ਦੀ ਉਡੀਕ ਕਰੋ।

ਲੂਕਾ 24:49 ਅਤੇ ਵੇਖੋ ਮੈਂ ਆਪਣੇ ਪਿਤਾ ਦਾ **ਕਰਾਰ ਤੁਹਾਡੇ ਉੱਤੇ** ਘੱਲਦਾ ਹਾਂ ਪਰ ਜਦ ਤੀਕੁਰ **ਤੁਸੀਂ ਉੱਪਰੋਂ ਸ਼ਕਤੀ ਨਾ ਪਾਓ** ਸ਼ਹਿਰ ਵਿੱਚ ਰਹੋ।

ਰਸੂਲਾਂ ਦੇ ਕਰਤੱਬ 1:8 ਪਰ ਜਾ ਪਵਿੱਤਰ ਆਤਮਾ **ਤੁਹਾਡੇ ਉੱਤੇ** ਆਵੇਗਾ ਤਾਂ **ਤੁਸੀਂ ਸ਼ਕਤੀ ਪਾਓਗੇ** ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ **ਮੇਰੇ ਗਵਾਹ ਹੋਵੋਗੇ**।

ਰਸੂਲਾਂ ਦੇ ਕਰਤੱਬ 2:4 ਤਦ ਓਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ।

ਰਸੂਲਾਂ ਦੇ ਕਰਤੱਬ 2:39 ਕਿਉਂਕਿ **ਇਹ ਕਰਾਰ ਤੁਹਾਡੇ** ਅਰ ਤੁਹਾਡੇ ਬਾਲਕਾਂ ਦੇ **ਨਾਲ ਹੈ** ਅਤੇ ਓਹਨਾਂ **ਸਭਨਾਂ ਨਾਲ** ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।

1 ਕੁਰਿੰਥੀਆਂ 1:18 **ਸਲੀਬ** {ਤੁਹਾਡੀ ਸਾਂਝ} **ਦੀ ਕਥਾ** ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ **ਉਹ ਪਰਮੇਸ਼ੁਰ ਦੀ ਸ਼ਕਤੀ ਹੈ।**

- ਪਰਮੇਸ਼ੁਰ ਦੀ ਸਮਰੱਥਾ ਤੁਹਾਡੀ ਸਾਂਝ ਦੇ ਨਾਲ ਚੱਲਦੀ ਹੈ। ਇਸ ਦੇ ਲਈ ਅੱਗੇ ਵਧੋ !

1 ਕੁਰਿੰਥੀਆਂ 1:6-7 ਜਿਵੇਂ ਮਸੀਹ ਦੀ ਸਾਖੀ ਤੁਹਾਡੇ ਵਿੱਚ ਕਾਇਮ ਹੋਈ {ਹੋਵੇਗੀ}। ਇੱਥੋਂ ਤੀਕ ਜੋ **ਤੁਹਾਨੂੰ ਕਿਸੇ ਦਾਤ ਵਿੱਚ ਘਾਟਾ ਨਹੀਂ ਹੈ . . .** ਬਿਮਾਰੀਆਂ, ਅੱਖਾਂ, ਕੋੜ੍ਹੀਆਂ, ਆਦਿ ਨੂੰ ਸ਼ੁੱਧ ਕਰਨਾ।

ਇਹ ਸਾਡੇ ਪਿਤਾ ਦਾ ਮਨ ਹੈ:

- ਜੇਕਰ ਸਵਰਗ ਦੇ ਦਰਵਾਜ਼ੇ ਖੋਲ੍ਹਣ ਲਈ ਯਿਸੂ ਨੇ ਐਨੀ ਵੱਡੀ ਕੀਮਤ ਚੁਕਾਈ / ਐਨਾ ਵੱਡਾ ਬਲੀਦਾਨ ਦਿੱਤਾ (ਜ਼ਬੂਰ 24:7-10)

- ਉਹ ਉਸ ਨੂੰ **ਵੱਡੀ ਬਰਕਤ** ਦੇਵੇਗਾ ਅਤੇ ਬਹੁਤ **ਖੁਸ਼ਾਹਲ ਕਰੇਗਾ** ਜੋ ਉਨ੍ਹਾਂ ਲੋਕਾਂ ਨੂੰ ਜਿੱਤਣ ਲਈ ਬਲੀਦਾਨ ਕਰੇਗਾ, ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਹੈ।

ਉਦਾਹਰਣ ਲਈ:

ਮੱਤੀ 19:29 ਅਤੇ **ਹਰ ਕੋਈ ਜਿਹ ਨੇ ਘਰਾਂ** ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜਮੀਨ **ਨੂੰ ਮੇਰੇ ਨਾਮ ਦੇ ਕਾਰਨ ਛੱਡਿਆ ਹੈ** ਉਹ **ਸੌ ਗੁਣਾ ਪਾਵੇਗਾ** ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ।

ਮੱਤੀ 24:14 ਅਤੇ **ਰਾਜ ਦੀ ਇਸ ਖ਼ੁਸ਼ ਖ਼ਬਰੀ** ਦਾ **ਪਰਚਾਰ ਸਾਰੀ ਦੁਨੀਆ** ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।

ਇਸ ਲਈ ਇਹ ਕੁੰਜੀ ਕੇਵਲ (1) ਦੂਸਰਿਆਂ ਦੇ ਰਾਜ ਵਿੱਚ ਆਉਣ ਲਈ ਦਰਵਾਜ਼ਾ ਹੀ ਨਹੀਂ ਖੋਲ੍ਹਦੀ (2) ਪਰ ਯਿਸੂ ਦੇ ਮੁੜ ਆਉਣ ਲਈ ਅਤੇ ਉਸ ਦੇ ਰਾਜ ਦੇ ਇਸ ਧਰਤੀ ਉੱਤੇ ਆਉਣ ਲਈ ਵੀ ਦਰਵਾਜ਼ਾ ਖੋਲ੍ਹਦੀ ਹੈ।

- ਹੁਣ ਯਿਸੂ ਕਿੱਥੇ ਹੈ ?

ਇਬਰਾਨੀਆਂ 10:12-13 ਪਰ ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ **ਬਿਰਾਜਮਾਨ ਹੋਇਆ**। ਅਤੇ ਇਦੋਂ ਅੱਗੇ **ਉਡੀਕ ਕਰਦਾ** ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ।

- ਉਸ ਦਾ ਕੰਮ ਪੂਰਾ ਹੋ ਗਿਆ ਸੀ। ਅਤੇ ਸਾਨੂੰ ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ !

- ਉਹ ਸਾਡੀ ਉਡੀਕ ਕਰਦਾ ਹੈ ! ਤੁਹਾਡੀ ਅਤੇ ਮੇਰੀ !

ਰੋਮੀਆਂ 10:14 ਪਰ ਜਿਹ ਦੇ ਉੱਤੇ ਨਿਹਚਾ ਨਹੀਂ ਕੀਤੀ ਓਹ ਉਸ ਦਾ ਨਾਮ ਕਿੱਕੁਰ ਲੈਣ? ਅਤੇ ਜਿਹ ਦੀ ਖਬਰ ਸੁਣੀ ਹੀ ਨਹੀਂ ਉਸ ਉੱਤੇ ਨਿਹਚਾ ਕਿੱਕੁਰ ਕਰਨ? ਅਤੇ ਪਰਚਾਰਕ ਬਾਝੋਂ ਕਿੱਕੁਰ ਸੁਣਨ?

ਮੱਤੀ 28:18-20 ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

ਹੁਣ ਕੁੰਜੀਆਂ ਤੁਹਾਡੇ ਹੱਥ ਵਿੱਚ ਹਨ !

1 ਕੁਰਿੰਥੀਆਂ 1:26 "**ਆਪਣੇ ਸੱਦੇ ਉੱਤੇ ਧਿਆਨ ਕਰੋ**"

**ਪਰਮੇਸ਼ੁਰ ਨੇ ਸੱਦਿਆ:**

- ਮੂਸਾ > "ਮੈਂ ਬੋਲ ਨਹੀਂ ਸਕਦਾ" ਕੂਚ 4:10
- ਗਿਦਾਊਨ > "ਮੈਂ ਆਪਣੇ ਘਰਾਣੇ ਵਿੱਚ ਸਭ ਤੋਂ ਛੋਟਾ ਹਾਂ" ਨਿਆਈਆਂ 6:15
- ਯਿਰਮਿਯਾਹ > "ਮੈਂ ਬਹੁਤ ਛੋਟਾ ਹਾਂ" ਯਿਰਮਿਯਾਹ 1:6
- ਅਤੇ ਪਰਮੇਸ਼ੁਰ ਹੁਣ ਤੁਹਾਨੂੰ ਬੁਲਾ ਰਿਹਾ ਹੈ !

**ਤੁਸੀਂ ਕਿਵੇਂ ਉੱਤਰ ਦੇਵੋਗੇ??**

ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।

ਫਿਲਿੱਪੀਆਂ 4:13

ਸਾਨੂੰ ਉਸ ਦੇ ਖਜ਼ਾਨੇ ਨੂੰ ਇਕੱਠਾ ਕਰਨਾ ਚਾਹੀਦਾ ਹੈ !

ਪਰਕਾਸ਼ ਦੀ ਪੋਥੀ 3:11 ਮੈਂ ਛੇਤੀ ਆਉਂਦਾ ਹਾਂ। **ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।**

2 ਤਿਮੋਥਿਉਸ 4:1-2 ਮੈਂ ਪਰਮੇਸ਼ੁਰ ਅਤੇ ਮਸੀਹ ਯਿਸੂ ਨੂੰ ਜਿਹੜਾ ਜੀਉਂਦਿਆਂ ਅਤੇ ਮੋਇਆ ਦਾ ਨਿਆਉਂ ਕਰੇਗਾ ਗਵਾਹ ਕਰ ਕੇ ਉਹ ਦੇ ਪਰਕਾਸ਼ ਅਤੇ ਰਾਜ ਦਾ ਵਾਸਤਾ ਦੇ ਕੇ ਤੈਨੂੰ ਤਗੀਦ ਕਰਦਾ ਹਾਂ। ਭਈ ਤੂੰ **ਬਚਨ ਦਾ ਪਰਚਾਰ ਕਰ**। ਵੇਲੇ ਕੁਵੇਲੇ ਉਸ ਵਿੱਚ ਲੱਗਿਆ ਰਹੁ। ਪੂਰੀ ਧੀਰਜ ਅਤੇ ਸਿੱਖਿਆ ਨਾਲ ਝਿੜਕ ਦਿਹ, ਤਾੜਨਾ ਅਤੇ ਤਗੀਦ ਕਰ।
ਆਇਤ 5 ਪਰ ਤੂੰ ਸਭਨੀਂ ਗੱਲੀਂ ਸੁਚੇਤ ਰਹੀਂ, ਦੁੱਖ ਝੱਲੀਂ, **ਪਰਚਾਰਕ ਦਾ ਕੰਮ ਕਰੀਂ, ਆਪਣੀ ਸੇਵਕਾਈ ਨੂੰ ਪੂਰਿਆਂ ਕਰੀਂ**।

ਰਾਜ ਦੀਆਂ ਕੁੰਜੀਆਂ ਤੁਹਾਡੇ ਹੱਥ ਵਿੱਚ ਹਨ

ਤੁਸੀਂ ਇੱਕ ਪ੍ਰਚਾਰਕ / ਇੱਕ ਸੇਵਕ / ਇੱਕ ਮਿਸ਼ਨਰੀ ਹੋ !

ਕੁੰਜੀ #6: ਪਰਮੇਸ਼ੁਰ ਦੇ ਬਚਨ ਨੂੰ ਪੜ੍ਹੋ / ਇਸ ਦਾ ਅਧਿਐਨ ਕਰੋ / ਅਤੇ ਇਸ ਉੱਤੇ ਧਿਆਨ ਕਰੋ

**ਜ਼ਬੂਰ 1:2-3** ਪਰ **ਉਹ** ਯਹੋਵਾਹ ਦੀ ਬਿਵਸਥਾ ਵਿੱਚ **ਮਗਨ ਰਹਿੰਦਾ**, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ **ਆਪਣਾ ਫਲ ਦਿੰਦਾ ਹੈ**, ਜਿਹ ਦੇ ਪੱਤੇ **ਨਹੀਂ ਕੁਮਲਾਉਂਦੇ**, ਅਤੇ **ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ**।

**ਯਹੋਸ਼ੁਆ 1:8** ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ **ਤੂੰ** ਆਪਣੇ ਮਾਰਗ ਨੂੰ **ਸੁਫਲ** ਬਣਾਵੇਂਗਾ ਅਤੇ **ਤੇਰਾ ਬੋਲ ਬਾਲਾ** ਹੋਵੇਗਾ।

**ਕਹਾਉਤਾਂ 3:1-2** ਹੇ ਮੇਰੇ ਪੁੱਤਰ, **ਤੂੰ ਮੇਰੀ ਤਾਲੀਮ ਨੂੰ ਨਾ ਭੁੱਲ**, ਸਗੋਂ ਆਪਣੇ ਚਿੱਤ ਨਾਲ **ਮੇਰੇ ਹੁਕਮਾਂ ਨੂੰ ਮੰਨ**, ਕਿਉਂ ਜੋ ਓਹ ਉਮਰ ਦੀ ਲੰਬਾਈ, ਜੀਉਣ ਦੇ ਵਰ੍ਹੇ, ਅਤੇ ਸ਼ਾਂਤੀ ਤੇਰੇ ਲਈ ਵਧਾਉਣਗੇ।

**ਯੂਹੰਨਾ 8:31-33** **ਜੇ** ਤੁਸੀਂ ਮੇਰੇ ਬਚਨ ਤੇ ਖਲੋਤੇ **ਰਹੋ ਤਾਂ** ਠੀਕ ਤੁਸੀਂ ਮੇਰੇ ਚੇਲੇ ਹੋ। ਅਰ **ਸਚਿਆਈ ਨੂੰ ਜਾਣੋਗੇ** ਅਤੇ ਸਚਿਆਈ ਤੁਹਾਨੂੰ **ਅਜ਼ਾਦ** ਕਰੇਗੀ।

- ਸੱਚਾਈ ਨੂੰ ਜਾਣਨਾ -> ਤੁਹਾਨੂੰ ਅਜ਼ਾਦ ਕਰਦਾ ਹੈ
- ਝੂਠ ਉੱਤੇ ਵਿਸ਼ਵਾਸ ਕਰਨਾ -> ਤੁਹਾਨੂੰ ਬੰਧਨ / ਗੁਲਾਮੀ ਵਿੱਚ ਲੈ ਜਾਂਦਾ ਹੈ

ਮੱਤੀ 7:24-27 ਸੋ ਹਰੇਕ ਜੋ ਮੇਰੇ ਏਹ ਬਚਨ **ਸੁਣਦਾ ਅਤੇ** ਉਨ੍ਹਾਂ ਉੱਤੇ **ਚੱਲਦਾ ਹੈ** ਉਹ ਉਸ **ਬੁੱਧਵਾਨ** ਵਰਗਾ ਜਾਣਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ। (25) ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਪਰ **ਉਹ ਨਾ ਡਿੱਗਿਆ** ਕਿਉਂਕਿ ਉਹ ਦੀ ਨਿਉਂ ਪੱਥਰ ਉੱਤੇ ਧਰੀ ਹੋਈ ਸੀ। (26) ਅਤੇ ਹਰੇਕ ਜੋ ਮੇਰੇ ਏਹ ਬਚਨ **ਸੁਣਦਾ** ਅਤੇ ਉਨ੍ਹਾਂ ਉੱਤੇ **ਨਹੀਂ ਚੱਲਦਾ** ਉਹ ਉਸ **ਮੂਰਖ** ਵਰਗਾ ਠਹਿਰਾਇਆ ਜਾਵੇਗਾ ਜਿਹ ਨੇ ਆਪਣਾ ਘਰ ਰੇਤ ਉੱਤੇ ਬਣਾਇਆ। (27) ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਅਤੇ **ਉਹ ਢਹਿ ਪਿਆ ਅਤੇ ਉਹ ਦਾ ਵੱਡਾ ਨਾਸ ਹੋਇਆ**।

- ਸਾਡੀਆਂ ਜ਼ਿਆਦਾਤਰ ਸਮੱਸਿਆਵਾਂ ਦਾ ਕਾਰਨ ਇਹੋ ਹੈ।
- ਅਸੀਂ ਸੁਣਦੇ ਹਾਂ ਪਰ ਅਮਲ ਨਹੀਂ ਕਰਦੇ।

ਯੂਹੰਨਾ 10:10 **ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ।**

ਸਾਡੇ ਜੀਵਨ ਨੂੰ ਨਾਸ ਕਰਨ ਅਤੇ/ਜਾਂ ਸਾਡੀਆਂ ਬਰਕਤਾਂ ਨੂੰ ਚੁਰਾਉਣ

ਪਰ ਉਸ ਨੂੰ ਰੋਕਿਆ ਜਾ ਸਕਦਾ ਹੈ !

ਕਿਵੇਂ???
**#1 ਮੱਤੀ 26:41** **ਜਾਗੋ** ਅਤੇ **ਪ੍ਰਾਰਥਨਾ ਕਰੋ** ਜੋ ਤੁਸੀਂ ਪਰਤਾਵੇ ਵਿੱਚ ਨਾ ਪਓ। **ਆਤਮਾ ਤਾਂ ਤਿਆਰ ਹੈ** ਪਰ **ਸਰੀਰ ਕਮਜ਼ੋਰ ਹੈ।**

**#2 ਪਰਮੇਸ਼ੁਰ ਦੇ ਬਚਨ ਨੂੰ ਜਾਣਨਾ**

ਮੱਤੀ 4:1-3 ਤਦ ਯਿਸੂ **ਆਤਮਾ ਦੀ ਅਗਵਾਈ ਨਾਲ** ਉਜਾੜ ਵਿੱਚ ਗਿਆ ਭਈ ਸ਼ਤਾਨ ਕੋਲੋਂ ਪਰਤਾਇਆ ਜਾਵੇ। ਅਤੇ ਜਾਂ ਚਾਲੀ ਦਿਨ ਅਤੇ ਚਾਲੀ ਰਾਤ ਵਰਤ ਰੱਖਿਆ ਤਾਂ ਓੜਕ ਉਹ ਨੂੰ **ਭੁੱਖ ਲੱਗੀ**।

- ਉਸ ਦੇ ਸਰੀਰ ਦੀ ਦ੍ਰਿੜ ਇੱਛਾ ਸੀ। ਸਦੀਆਂ ਦਾ ਯੁੱਧ: ਆਤਮਾ ਬਨਾਮ ਸਰੀਰ

ਤਦ ਪਰਤਾਉਣ ਵਾਲੇ ਨੇ ਕੋਲ ਆਣ ਕੇ ਉਹ ਨੂੰ ਕਿਹਾ, **ਜੇ** ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਕਹੁ ਜੋ ਇਹ ਪੱਥਰ ਰੋਟੀਆਂ ਬਣ ਜਾਣ।

**ਸ਼ਤਾਨ ਚਲਾਕੀ ਨਾਲ ਛਲ ਕਰਕੇ ਆਪਣੀ ਫਾਹੀ ਲਾਉਂਦਾ ਹੈ:**

"**ਜੇਕਰ**" – ਮਸਲੇ ਨੂੰ **ਇਹ ਸਾਬਤ ਕਰਨ** ਉੱਤੇ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਕਰਨਾ **ਕਿ ਉਹ ਕੌਣ ਹੈ**।

- ਜੇਕਰ ਤੁਸੀਂ "ਘਰ ਦੇ ਮਰਦ ਹੋ" ਤਾਂ ਇਹ ਸਾਬਤ ਕਰੋ!
- ਜੇਕਰ ਤੁਸੀਂ "ਮਰਦ ਹੋ" ਹੋਰ ਬੀਅਰ ਪੀਓ / ਗੋਲੀ ਮਾਰ ਦੋ / ਛੋਟਾ ਕਰ ਦੇਵੋ
- ਜੇਕਰ ਤੁਸੀਂ ਮਰਦ ਹੋ / ਜੇਕਰ ਤੁਸੀਂ ਸਖ਼ਤ ਹੋ ਤਾਂ ਇਸ ਨੂੰ ਸਾਬਤ ਕਰੋ, ਸ਼ਤਾਨ ਇਹ ਇੱਕ ਮੁਸਕਾਨ ਨਾਲ ਆਖਦਾ ਹੈ।

ਕਹਾਉਤਾਂ 14:16 **ਬੁੱਧਵਾਨ ਤਾਂ ਭੈ ਕਰ ਕੇ ਬੁਰਿਆਈ ਤੋਂ ਲਾਂਭੇ ਰਹਿੰਦਾ ਹੈ,** ਪਰ ਮੂਰਖ ਢੀਠ ਹੋ ਕੇ ਨਿਡਰ ਰਹਿੰਦਾ ਹੈ।

ਪਰ ਇਸ ਤੋਂ ਜ਼ਿਆਦਾ ਮਹੱਤਵਪੂਰਣ ਮਸਲਾ ਹੈ >> ਕੀ ਯਿਸੂ ਅਜਿਹਾ ਕਰਦਾ, ਉਹ ਸ਼ਤਾਨ ਦੀ ਆਗਿਆ ਮੰਨਦਾ।

ਰੋਮੀਆਂ 6:16 **ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ**
ਤੁਸੀਂ ਕਿਸ ਰਾਜ ਵਿੱਚ ਹੋ ਇਸ ਉੱਤੇ ਨਿਰਭਰ ਕਰਦਾ ਹੈ ->

ਤੁਸੀਂ ਕਿਸ ਦੀ ਆਗਿਆ ਮੰਨਦੇ ਹੋ !

ਪਰ ਯਿਸੂ ਨੇ ਆਪਣੇ ਪਿਤਾ ਦੀ ਆਗਿਆ ਮੰਨੀ ਅਤੇ ਬਚਨ ਦੇ ਨਾਲ ਉੱਤਰ ਦਿੱਤਾ:

ਮੱਤੀ 4:4 ਪਰ ਉਹ ਨੇ ਉੱਤਰ ਦਿੱਤਾ, **ਲਿਖਿਆ ਹੈ** ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ **ਹਰੇਕ ਵਾਕ** ਨਾਲ ਜਿਹੜਾ ਪਰਮੇਸ਼ੁਰ ਦੇ ਮੁਖੋਂ ਨਿੱਕਲਦਾ ਹੈ।

ਸਾਨੂੰ ਸਾਰਿਆਂ ਨੂੰ ਮੇਜ਼ ਉੱਤੇ ਪਰਤਾਵੇ ਉੱਤੇ ਜਿੱਤ ਪਾਉਣ ਦੀ ਲੋੜ ਹੈ ਅਤੇ ਹੋਰ ਰੋਟੀ . . . ਮੀਟ . . . ਆਲੂ ਕਰੀ . . . ਮਟਰ . . . ਲਈ "ਨਾਂਹ" ਆਖਣ ਦੀ ਲੋੜ ਹੈ

ਸਰੀਰ ਦੀ ਦ੍ਰਿੜ ਇੱਛਾ ਨੂੰ ਭੋਜਨ ਖੁਆਉਣ ਨਾਲੋਂ ਕੁਝ ਹੋਰ ਹੈ ਜੋ ਜ਼ਿਆਦਾ ਮਹੱਤਵਪੂਰਣ ਹੈ। ਅਤੇ ਉਹ ਇਹ ਹੈ ->

ਆਤਮਾ ਨੂੰ ਭੋਜਨ ਦੇਣਾ ਜੋ ਆਤਮਿਕ ਤਾਕਤ ਲਈ ਜ਼ਰੂਰੀ ਹੈ।

ਯਿਸੂ ਇਸ ਫਾਹੀ ਤੋਂ ਬਚ ਗਿਆ ਕਿਉਂਕਿ ਉਹ ਜਾਣਦਾ ਹੈ ਕਿ ਕੀ ਲਿਖਿਆ ਹੋਇਆ ਹੈ

ਮੱਤੀ 4:5-7 ਫੇਰ ਸ਼ਤਾਨ ਉਹ ਨੂੰ ਪਵਿੱਤਰ ਸ਼ਹਿਰ ਵਿੱਚ ਨਾਲ ਲੈ ਗਿਆ ਅਤੇ ਹੈਕਲ ਦੇ ਕਿੰਗਰੇ ਉੱਤੇ ਖੜਾ ਕਰਕੇ ਉਹ ਨੂੰ ਕਿਹਾ, **ਜੇ** ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਆਪਣੇ ਆਪ ਨੂੰ ਹੇਠਾਂ ਡੇਗ ਦਿਹ **ਕਿਉਂ ਜੋ ਲਿਖਿਆ ਹੈ** ਕਿ, ਉਹ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਓਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ, ਮਤੇ ਪੱਥਰ ਨਾਲ ਤੇਰੇ ਪੈਰ ਨੂੰ ਸੱਟ ਲੱਗੇ।

ਸ਼ਤਾਨ ਨੇ ਇਹ ਵੇਖਦੇ ਹੋਏ ਕਿ ਯਿਸੂ ਉਸ ਤੋਂ ਅਗਵਾਈ ਲੈ ਰਿਹਾ ਹੈ ਜੋ ਲਿਖਿਆ ਹੋਇਆ ਹੈ, ਤਾਂ ਉਹ ਦੂਸਰੀ ਵਾਰੀ ਉਸ ਦੀ ਵਰਤੋਂ ਕਰਦੇ ਹੋਏ ਫਾਹੀ ਲਾਉਂਦਾ ਹੈ ਜੋ **ਜ਼ਬੂਰ** 91:11 ਵਿੱਚ ਲਿਖਿਆ ਹੋਇਆ ਹੈ ਪਰ ਇਸ ਨੂੰ **ਵਿਸ਼ੇ ਤੋਂ ਬਾਹਰ** ਲੈ ਜਾਂਦਾ ਹੈ!

ਜ਼ਬੂਰ 91 ਆਇਤ 1 ਨਾਲ ਸ਼ੁਰੂ ਹੁੰਦਾ ਹੈ ਜਿਹੜਾ ਅੱਤ ਮਹਾਨ ਦੀ ਓਟ ਵਿੱਚ ਵੱਸਦਾ ਹੈ ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਟਿਕੇਗਾ।

ਯਿਸੂ ਨੇ ਉਸ ਨੂੰ ਆਖਿਆ, ਇਹ ਭੀ ਲਿਖਿਆ ਹੈ ਜੋ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ। (ਬਿਵਸਥਾਸਾਰ 6:16)

- ਸਾਨੂੰ ਜਿੰਨੇ ਸੰਭਵ ਹੋ ਸਕਣ ਓਨੇ ਬਚਨ ਜਾਣਨਾ ਦੀ ਲੋੜ ਹੈ।
- ਅਤੇ ਵਿਸ਼ੇ ਨੂੰ ਸਮਝਣ ਲਈ ਬਹੁਤ ਧਿਆਨ ਰੱਖਣਾ ਚਾਹੀਦਾ ਹੈ।

ਆਇਤਾਂ 4:8-11 ਫੇਰ ਸ਼ਤਾਨ ਉਹ ਨੂੰ ਇੱਕ ਵੱਡੇ ਉੱਚੇ ਪਹਾੜ ਉੱਤੇ ਨਾਲ ਲੈ ਗਿਆ ਅਤੇ **ਜਗਤ ਦੀਆਂ ਸਾਰੀਆਂ ਪਾਤਸ਼ਾਹੀਆਂ ਅਤੇ ਉਨ੍ਹਾਂ ਦਾ ਜਲੌ** ਉਹ ਨੂੰ ਵਿਖਾਇਆ। ਅਤੇ ਉਹ ਨੂੰ ਕਿਹਾ, **ਜੇ** ਤੂੰ ਨਿਉਂ ਕੇ ਮੈਨੂੰ ਮੱਥਾ ਟੇਕੇਂ ਤਾਂ **ਇਹ ਸੱਭੋ ਕੁਝ ਮੈਂ ਤੈਨੂੰ ਦੇ ਦਿਆਂਗਾ**।

ਸ਼ਤਾਨ ਇਸ ਨੂੰ ਅਕਰਸ਼ਿਤ ਕਰਦਾ ਹੈ: ਘਮੰਡ – ਸਮਰੱਥਾ – ਮਹਿਮਾ – ਧੰਨ ਅਤੇ **ਜ਼ਿਆਦਾ ਲੋਕਾਂ ਨੂੰ ਫੁਸਲਾਉਣ** ਦੀ ਮਹੱਤਤਾ।

1 ਯੂਹੰਨਾ 2:16 ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ

ਤਦੋਂ ਯਿਸੂ ਨੇ ਉਸ ਨੂੰ ਕਿਹਾ, ਹੇ ਸ਼ਤਾਨ ਚੱਲਿਆ ਜਾਹ! ਕਿਉਂ ਜੋ **ਲਿਖਿਆ ਹੈ** ਭਈ ਤੂੰ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸੇ ਇਕੱਲੇ ਦੀ ਉਪਾਸਨਾ ਕਰ। ਤਦ ਸ਼ਤਾਨ ਉਹ ਨੂੰ ਛੱਡ ਗਿਆ ਅਤੇ ਵੇਖੋ ਦੂਤ ਕੋਲ ਆਣ ਕੇ ਉਹ ਦੀ ਟਹਿਲ ਕਰਨ ਲੱਗੇ।

ਲੂਕਾ 4:13 ਅਰ ਸ਼ਤਾਨ ਜਾਂ ਸਾਰਾ ਪਰਤਾਵਾ ਕਰ ਹੱਟਿਆ ਤਾਂ **ਕੁਝ ਚਿਰ ਤੀਕਰ** ਉਸ ਕੋਲੋਂ ਦੂਰ ਰਿਹਾ।

"ਪਰਤਾਉਣ ਵਾਲਾ" "ਦੁਸ਼ਟ" ਸ਼ਤਾਨ ਵਾਪਸ ਆਵੇਗਾ।

ਸਾਡੇ ਵਿੱਚ ਪਾਪ ਅਤੇ ਕਾਮਨਾ ਹੋਣ ਦੇ ਕਾਰਨ -> ਅਸੀਂ ਯਿਸੂ ਨਾਲੋਂ ਅਸਾਨ ਨਿਸ਼ਾਨਾ ਹਾਂ!

**1 ਪਤਰਸ 3:15** ਸਗੋਂ ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ ਅਤੇ ਜਿਹੜੀ ਤੁਹਾਨੂੰ ਆਸ ਹੈ ਤੁਸੀਂ ਹਰੇਕ ਨੂੰ ਜੋ ਤੁਹਾਡੇ ਕੋਲੋਂ ਉਹ ਦਾ ਕਾਰਨ ਪੁੱਛੇ **ਉੱਤਰ ਦੇਣ** (ਪਰਤਾਉਣ ਵਾਲਾ) **ਨੂੰ** ਸਦਾ ਤਿਆਰ ਰਹੋ ਪਰ ਨਰਮਾਈ ਅਤੇ ਭੈ ਨਾਲ।

- ਸਾਨੂੰ ਜਿੰਨੇ ਸੰਭਵ ਹੋ ਸਕਣ ਓਨੇ ਬਚਨ ਜਾਣਨ ਦੀ ਲੋੜ ਹੈ।

**ਇਬਰਾਨੀਆਂ 4:12** ਕਿਉਂ ਜੋ ਪਰਮੇਸ਼ੁਰ ਦਾ ਬਚਨ **ਜੀਉਂਦਾ** ਅਤੇ **ਗੁਣਕਾਰ** ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ **ਤਿੱਖਾ** ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।

**1 ਪਤਰਸ 1:23** ਕਿਉਂ ਜੋ ਤੁਸੀਂ ਨਾਸਵਾਨ **ਤੁਖਮ** ਤੋਂ ਨਹੀਂ ਸਗੋਂ ਅਵਨਾਸੀ ਤੋਂ **ਪਰਮੇਸ਼ੁਰ ਦੇ ਬਚਨ** ਰਾਹੀਂ ਜਿਹੜਾ **ਜੀਉਂਦਾ** ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ।

- ਪਰਮੇਸ਼ੁਰ ਦਾ ਬਚਨ ਜੀਉਂਦਾ ਹੈ!
- ਬੀਜ ਜੋ "ਨਵੇਂ" ਜੀਵਨ ਨੂੰ ਲਿਆਉਂਦਾ ਹੈ! ਤੁਹਾਡੇ ਲਈ ਅਤੇ ਤੁਹਾਡੇ ਵਿੱਚ !

**ਯੂਹੰਨਾ 6:63-64** **ਜੀਉਦਾਤਾ** ਤਾਂ **ਆਤਮਾ** ਹੈ। ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ **ਗੱਲਾਂ** ਮੈਂ ਤੁਹਾਨੂੰ ਆਖੀਆਂ ਹਨ ਓਹ **ਆਤਮਾ ਹਨ** ਅਤੇ **ਜੀਉਣ ਹਨ**।

**2 ਤਿਮੋਥਿਉਸ 3:16** ਸਾਰੀ ਲਿਖਤ **ਪਰਮੇਸ਼ੁਰ ਦੇ ਆਤਮਾ** (ਆਤਮਾ, ਸਾਹ, (pveuma) ਜਿਵੇਂ ਪਰਮੇਸ਼ੁਰ ਨੇ ਮਨੁੱਖ ਦੀਆਂ ਨਾਸਾਂ ਵਿੱਚ ਸਾਹ ਫੂਕਿਆ ਅਤੇ ਉਹ ਜੀਉਂਦੀ ਜਾਨ ਹੋ ਗਿਆ) ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ **ਧਰਮ ਦੇ ਗਿੜਾਉਣ** ਲਈ ਗੁਣਕਾਰ ਹੈ।

- ਸਾਨੂੰ ਜਿੰਨੇ ਸੰਭਵ ਹੋ ਸਕਣ ਓਨੇ ਬਚਨ ਜਾਣਨ ਦੀ ਲੋੜ ਹੈ।

**ਯਹੋਸ਼ੁਆ 1:8** ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ **ਧਿਆਨ** ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ **ਚੱਲੇਂ** ਤੇ ਉਸ ਨੂੰ ਪੂਰਾ ਕਰੇਂ **ਤਾਂ** ਤੂੰ ਆਪਣੇ ਮਾਰਗ ਨੂੰ **ਸੁਫਲ ਬਣਾਵੇਂਗਾ** ਅਤੇ ਤੇਰਾ ਬੋਲ ਬਾਲਾ ਹੋਵੇਗਾ।

- **ਜ਼ਬੂਰ** 119 ਦਾਊਦ – "ਪਰਮੇਸ਼ੁਰ ਦੇ ਮਨ ਭਾਉਂਦਾ ਇੱਕ ਮਨੁੱਖ" ਰਸੂਲਾਂ ਦੇ ਕਰਤੱਬ 13:22

ਜ਼ਬੂਰ 119:133 ਤੂੰ ਆਪਣੇ ਬਚਨ ਉੱਤੇ ਮੇਰੇ ਕਦਮਾਂ ਨੂੰ ਜਮਾ ਦੇਹ, ਭਈ ਕੋਈ ਬਦੀ ਮੇਰੇ ਉੱਤੇ ਹਕੂਮਤ ਨਾ ਕਰੇ।

- ਸਾਨੂੰ ਜਿੰਨੇ ਸੰਭਵ ਹੋ ਸਕਣ ਓਨੇ ਬਚਨ ਜਾਣਨ ਦੀ ਲੋੜ ਹੈ ਕਿਉਂਕਿ:

ਪਰਕਾਸ਼ ਦੀ ਪੋਥੀ 12:10-11 ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ ਹੁਣ **ਸਾਡੇ ਪਰਮੇਸ਼ੁਰ** ਦੀ **ਮੁਕਤੀ** ਅਤੇ **ਸਮਰੱਥਾ** ਅਤੇ **ਰਾਜ** ਅਤੇ ਉਹ ਦੇ ਮਸੀਹ ਦਾ ਇਖ਼ਤਿਆਰ ਹੋ ਗਿਆ {ਇਹ ਸਭ ਸਾਡੇ ਲਈ ਉਪਲੱਬਧ ਹੈ} ਕਿਉਂ ਜੋ ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ ਹੇਠਾਂ ਸੁੱਟਿਆ ਗਿਆ {ਸਲੀਬ ਉੱਤੇ} ਹੈ! ਅਤੇ **ਓਹਨਾਂ ਨੇ** {1} **ਲੇਲੇ ਦੇ ਲਹੂ** ਦੇ **ਕਾਰਨ** ਅਤੇ ਆਪਣੀ {2} **ਸਾਖੀ ਦੇ ਬਚਨ** ਦੇ ਕਾਰਨ **ਉਹ ਨੂੰ ਜਿੱਤ ਲਿਆ** ਅਤੇ {3} ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।

- ❖ ਸਾਨੂੰ ਉਸ ਦੀ ਗਵਾਹੀ ਦੇਣ ਦੇ ਯੋਗ ਹੋਣਾ ਚਾਹੀਦਾ ਹੈ ਹੋ ਬਚਨ ਆਖਦਾ ਹੈ ਕਿ ਲੇਲੇ ਦੇ ਲਹੂ ਨੇ ਸਾਡੇ ਲਈ ਪੂਰਾ ਕੀਤਾ

ਇਹ ਹੈ ਜਿਵੇਂ ਅਸੀਂ ਪਰਮੇਸ਼ੁਰ ਦੇ ਰਾਜ ਦੀਆਂ ਸਾਰੀਆਂ ਬਰਕਤਾਂ ਵਿੱਚ ਜੀਵਨ ਗੁਜ਼ਾਰਦੇ ਹਾਂ

ਕੁੰਜੀ #7: ਦੇਣਾ / ਬੀਜਣਾ ਜਾਂ ਲਾਉਣਾ

**ਕਹਾਉਤਾਂ 3:9-10** **ਆਪਣਾ ਮਾਲ** ਅਤੇ ਆਪਣੀ ਸਾਰੀ ਪੈਦਾਵਾਰ ਦੇ **ਪਹਿਲੇ** ਫਲ **ਨਾਲ ਯਹੋਵਾਹ ਦੀ ਮਹਿਮਾ ਕਰ**, (10) ਤਾਂ **ਤੇਰੇ ਖਾਤੇ ਪੈਦਾਵਾਰ ਨਾਲ ਭਰੇ ਪੂਰੇ ਰਹਿਣਗੇ**, ਅਤੇ **ਤੇਰੇ ਦਾਖਾਂ ਦੇ ਵੇਲਣੇ** ਨਵੇਂ ਰਸ ਨਾਲ **ਛਲਕਣਗੇ**।

**ਕਹਾਉਤਾਂ 19:17** ਜਿਹੜਾ ਗਰੀਬਾਂ ਉੱਤੇ ਦਯਾ ਕਰਦਾ ਹੈ ਉਹ ਯਹੋਵਾਹ ਨੂੰ ਉਧਾਰ **ਦਿੰਦਾ ਹੈ**, ਅਤੇ ਉਹ ਉਸ ਨੂੰ ਉਸ ਦੀ ਕੀਤੀ ਦਾ ਫਲ ਦੇਵੇਗਾ। ਕਹਾਉਤਾਂ 22:9

**ਮਲਾਕੀ 3:8-11** ਕੀ ਕੋਈ ਆਦਮੀ ਪਰਮੇਸ਼ੁਰ ਨੂੰ ਠੱਗੇਗਾ? ਪਰ ਤੁਸਾਂ ਮੈਨੂੰ ਠੱਗ ਲਿਆ ਅਤੇ ਤੁਸੀਂ ਆਖਦੇ ਹੋ, ਕਿਹੜੀ ਗੱਲ ਵਿੱਚ ਅਸਾਂ ਤੈਨੂੰ ਠੱਗ ਲਿਆ? ਦਸਵੰਧਾਂ ਅਤੇ ਭੇਟਾਂ ਵਿੱਚ! (9) **ਤੁਸੀਂ ਸਰਾਪੀਆਂ ਦੇ ਸਾਰਪੀ ਹੋਏ**! ਤੁਸੀਂ ਮੈਨੂੰ ਠੱਗਦੇ ਹੋ, ਸਗੋਂ ਸਾਰੀ ਕੌਮ ਵੀ। (10) ਸਾਰੇ ਦਸਵੰਧ ਮੇਰੇ ਮੋਦੀ ਖ਼ਾਨੇ ਵਿੱਚ ਲਿਆਓ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸ ਦੇ ਨਾਲ ਮੈਨੂੰ ਜ਼ਰਾ ਪਰਤਾਓ, ਸੈਨਾਂ ਦਾ ਯਹੋਵਾਹ ਆਖਦਾ ਹੈ, ਕੀ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ **ਬਰਕਤ ਵਰ੍ਹਾਵਾਂ ਏਥੋਂ ਤੀਕ ਕਿ ਉਹ ਦੇ ਲਈ ਥਾਂ ਨਾ ਹੋਵੇਗਾ**! (11) **ਮੈ** ਤੁਹਾਡੇ ਲਈ ਖਾਣ ਵਾਲੇ ਨੂੰ **ਝਿੜਕਾਂਗਾ** ਕਿ ਓਹ ਤੁਹਾਡੀ ਜ਼ਮੀਨ ਦੇ ਫਲਾਂ ਨੂੰ ਨਾਸ ਨਾ ਕਰੇ ਅਤੇ ਤੁਹਾਡੇ ਅੰਗੂਰ ਪੈਲੀ ਵਿੱਚ ਅਫਲ ਨਾ ਰਹਿ ਜਾਣ, ਸੈਨਾਂ ਦਾ ਯਹੋਵਾਹ ਆਖਦਾ ਹੈ।

**ਲੂਕਾ 6:38** **ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ**, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।

ਦੇਣ ਦੀ ਉਦਾਹਰਣ:

ਪਾਪੀ ਔਰਤ ਲੂਕਾ 7:36-50

ਤੁਸੀਂ ਇੱਕ ਪਾਪੀ ਨੂੰ ਉਸ ਦੇ ਦੁਆਰਾ ਸ਼ੁਕਰਗੁਜ਼ਾਰ ਆਖ ਸਕਦੇ ਹੋ, ਜਿਵੇਂ ਉਹ ਅਰਾਧਨਾ ਅਤੇ ਸਤੂਤੀ ਵਿੱਚ **ਦਿੰਦਾ ਹੈ**।

ਜਦੋਂ ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਨੂੰ ਦਿੰਦੇ ਹਾਂ, ਬਾਕੀ ਸਭ ਦੇਣਾ ਸੌਖਾ ਹੋ ਜਾਂਦਾ ਹੈ।

ਇਸ ਲਈ ਅਸੀਂ ਆਖ ਸਕਦੇ ਹਾਂ . . .
ਤੁਹਾਡਾ ਮਨ ਕਿੱਥੇ ਹੈ -> ਇਸ ਨਾਲ ਸਾਬਤ ਹੁੰਦਾ ਹੈ ਕਿ ਤੁਸੀਂ ਕਿਵੇਂ ਦਿੰਦੇ ਹੋ।

ਯੂਹੰਨਾ 3:16 ਕਿਉਂਕਿ **ਪਰਮੇਸ਼ੁਰ ਨੇ** ਜਗਤ ਨੂੰ **ਅਜਿਹਾ ਪਿਆਰ ਕੀਤਾ** ਜੋ **ਉਹ ਨੇ** ਆਪਣਾ ਇਕਲੌਤਾ ਪੁੱਤਰ **ਬਖ਼ਸ਼ ਦਿੱਤਾ** . . .

- ਪਿਆਰ ਦਿੰਦਾ ਹੈ!
- ਸਾਡੇ ਪਿਆਰ ਦਾ ਮਾਪ ਉਸ ਨਾਲ ਨਿਰਧਾਰਿਤ ਕੀਤਾ ਜਾਂਦਾ ਹੈ ਜੋ ਅਸੀਂ ਦਿੰਦੇ ਹਾਂ ਅਤੇ ਜਿਵੇਂ ਅਸੀਂ ਦਿੰਦੇ ਹਾਂ।
- ਸਾਡੇ ਪਿਤਾ ਨੇ ਆਪਣੇ ਪੁੱਤਰ ਨੂੰ ਦੇ ਦਿੱਤਾ!!!

ਯਿਸੂ ਨੇ ਕਿਹਾ: **ਮੈਂ** ਸੁਰਗ ਦੇ ਰਾਜ ਦੀਆਂ ਕੁੰਜੀਆਂ **ਤੈਨੂੰ ਦਿਆਂਗਾ।**

ਕੁੰਜੀਆਂ ਤਾਲਿਆਂ ਦੇ ਲਈ ਹੁੰਦੀਆਂ ਹਨ -> ਖੋਲ੍ਹਣ ਜਾਂ ਬੰਦ ਕਰਨ ਲਈ

ਹਰੇਕ ਅਤੇ ਹਰ ਕੋਈ ਕੁੰਜੀ ਬਹੁਤ ਜ਼ਿਆਦਾ ਮਹੱਤਵਪੂਰਣ, ਜ਼ਰੂਰੀ ਹੈ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਸਾਡੇ ਗਹਿਰੇ ਜਾਣ ਲਈ ਹੋਰ ਦਰਵਾਜ਼ਾ ਖੋਲ੍ਹਦੀ ਹੈ।

ਇਹ ਕੁੰਜੀਆਂ ਖੋਲ੍ਹਦੀਆਂ ਹਨ:

- ਉਹ ਜੰਜੀਰਾਂ ਜਿੰਨਾਂ ਵਿੱਚ ਪਾਪ ਅਤੇ ਸ਼ਤਾਨ ਨੇ ਸਾਨੂੰ ਬੰਨ੍ਹਿਆ ਹੈ
- ਸਾਨੂੰ ਅਜ਼ਾਦ ਕਰਨ ਲਈ
- ਸਾਡੇ ਲਈ ਬਰਕਤਾਂ – ਖੁਸ਼ਹਾਲੀ – ਰਾਜ ਦੀਆਂ ਸਹੂਲਤਾਂ ਖੋਲ੍ਹਣ ਲਈ
- ਸਾਡੇ ਲਈ ਰਾਜ ਦੀ ਸਮਰੱਥਾ ਅਤੇ ਅਧਿਕਾਰ ਨੂੰ ਖੋਲ੍ਹਣ ਲਈ

ਪਰਮੇਸ਼ੁਰ ਨੂੰ ਇਹ ਵੇਖਣਾ ਚੰਗਾ ਲੱਗਦਾ ਹੈ ਕਿ ਅਸੀਂ ਹਰੇਕ ਕੁੰਜੀ ਨੂੰ ਲਈਏ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਗਹਿਰੇ ਦਰਵਾਜ਼ੇ ਖੋਲ੍ਹੀਏ।

**ਲੂਕਾ 12:32 ਤੁਹਾਡੇ ਪਿਤਾ ਨੂੰ ਪਸਿੰਦ ਆਇਆ ਹੈ ਜੋ ਰਾਜ ਤੁਹਾਨੂੰ ਦੇਵੇ।**

- ਇਸ ਦੀ ਉਸ ਨੂੰ ਵੱਡੀ ਕੀਮਤ ਚੁਕਾਉਣੀ ਪਈ !
- ਅਤੇ ਉਸ ਨੂੰ ਇਹ ਵੇਖਣਾ ਚੰਗਾ ਲੱਗਦਾ ਹੈ ਕਿ ਅਸੀਂ ਵੀ ਉਸ ਨੂੰ ਐਨਾ ਹੀ ਕੀਮਤੀ ਸਮਝਦੇ ਹਾਂ ਅਤੇ ਇਹ ਕਿ ਅਸੀਂ **ਪਹਿਲਾਂ** ਉਹ ਦੇ ਰਾਜ ਅਤੇ ਧਰਮ ਨੂੰ **ਭਾਲੀਏ**।

ਸਾਨੂੰ ਯਿਸੂ ਵਰਗੇ ਦਿਲ ਦੀ ਲੋੜ ਹੈ

ਯੂਹੰਨਾ 8:29 ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ **ਉਸ ਨੂੰ ਭਾਉਂਦੇ ਹਨ**।

2 ਕੁਰਿੰਥੀਆਂ 5:9 ਇਸੇ ਲਈ ਅਸਾਂ ਇਹ ਧਾਰਨਾ ਧਾਰੀ . . . ਉਹ ਨੂੰ ਭਾਉਂਦੇ ਰਹੀਏ।

1 ਯੂਹੰਨਾ 3:22 ਅਤੇ ਜੋ ਕੁਝ ਅਸੀਂ ਮੰਗਦੇ ਹਾਂ ਸੋ ਓਸ ਤੋਂ ਸਾਨੂੰ ਮਿਲਦਾ ਹੈ ਕਿਉਂ ਜੋ {1} ਉਹ ਦੇ ਹੁਕਮਾਂ ਦੀ ਪਾਲਨਾ ਕਰਦੇ ਹਾਂ ਅਤੇ {2} ਉਹ ਕੰਮ ਕਰਦੇ ਹਾਂ ਜਿਹੜੇ ਉਹ ਨੂੰ ਭਾਉਂਦੇ ਹਨ। ਇਹ ਮਸੀਹਅਤ ਦੀ ਸਧਾਰਨਤਾ ਹੈ

ਇਬਰਾਨੀਆਂ 13:20-21 ਹੁਣ ਸ਼ਾਂਤੀ ਦਾਤਾ ਪਰਮੇਸ਼ੁਰ ਜਿਹੜਾ ਭੇਡਾਂ ਦੇ ਵੱਡੇ ਅਯਾਲੀ ਅਰਥਾਤ ਸਾਡੇ ਪ੍ਰਭੂ ਯਿਸੂ ਨੂੰ ਸਦੀਪਕ ਨੇਮ ਦੇ ਲਹੂ ਨਾਲ ਮੁਰਦਿਆਂ ਵਿੱਚੋਂ ਉਠਾ ਲਿਆਇਆ। [21] ਤੁਹਾਨੂੰ ਹਰੇਕ ਭਲੇ ਕੰਮ ਵਿੱਚ ਸੰਪੂਰਨ ਕਰੇ ਭਈ ਤੁਸੀਂ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ ਅਤੇ ਜੋ ਕੁਝ ਉਹ ਨੂੰ ਭਾਉਂਦਾ ਹੈ ਉਹੋ ਸਾਡੇ ਵਿੱਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਹ ਦੀ ਵਡਿਆਈ ਜੁੱਗੋ ਜੁੱਗ ਹੋਵੇ!

ਆਮੀਨ।